16458-G

ਪਿਆਰ ਦਾ ਦੇਵਤਾ। [illegible]

16958 G

Digitized by Panjab Digital Library | www.panjabdigilib.org

Digitized by Panjab Digital Library | www.panjabdigilib.org


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਪਿਆਰ ਦਾ ਦੇਵਤਾ

169585

ਖਤ੍ਰੀ ਬ੍ਰਾਹਮਣ ਸੂਦ ਵੈਸੁ ਉਪਦੇਸੁ ਚਹੁ ਵਰਨਾ ਕਉ ਸਾਝਾ ।



...JAB, PATIA...

ਪ੍ਰਕਾਸ਼ਕ—ਭਾਈ ...ਦੇਵ ਸਿੰਘ ਜੋਗਿੰਦ੍ਰ ਸਿੰਘ

ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

16958

# ਪਿਆਰ ਦਾ ਦੇਵਤਾ

## ਬਾਬਾ ਨਾਨਕ

ਕਰਤਾ—

ਭਾਈ ਨਾਨਕ ਸਿੰਘ ਜੀ ਨਾਵਲਿਸਟ

ਨਿਵਾਸੀ ਚਕ ਹਮੀਦ ਜ਼ਿਲਾ ਜੇਹਲਮ

ਪ੍ਰਕਾਸ਼ਕ:—

ਭਾਈ ਜੈਦੇਵ ਸਿੰਘ ਜੋਗਿੰਦਰ ਸਿੰਘ

ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

BOOK
PUNJAB, PATIALA.

Digitized by Panjab Digital Library | www.panjabdigilib.org

# ਪਿਆਰ ਦਾ ਦੇਵਤਾ

## ਬਾਬਾ ਨਾਨਕ

### ੧.

ਪੰਜਾਬ ਦੇ ਇਕ ਸੁਹਾਉਣੇ ਤੇ ਘੁਗ ਵਸਦੇ ਪਿੰਡ ਤੋਂ ਬਾਹਰ ਟਾਹਲੀਆਂ ਦੀ ਛਾਂਵੇਂ ਬਹੁਤ ਸਾਰੇ ਗਭਰੂ ਗਰਮੀਆਂ ਦੀ ਦੁਪਹਿਰ ਕਟਣ ਲਈ ਆਪੋ ਆਪਣੇ ਮੰਜਿਆਂ ਤੇ ਅਤੇ ਕਈ ਭੁੰਜੇ ਹੀ ਬੈਠੇ ਗਪਾਂ ਸ਼ਪਾਂ ਮਾਰ ਰਹੇ ਹਨ। ਇਕ ਪਾਸੇ ਖੂਹ ਵਗ ਰਿਹਾ ਹੈ ਤੇ ਦੂਜੇ ਪਾਸੇ ਮੋਕਲੇ ਛਪੜ ਵਿਚ ਮਹੀਆਂ ਅੜੀਂਗ ਰਹੀਆਂ ਹਨ। ਖੂਹ ਦੇ ਸਜੇ ਹਥ ਇਕ ਲੰਮੀ ਖੁਰਲੀ ਤੇ ਕਈ ਪਸੂ ਬਧੇ ਹੋਏ ਉਗਾਲੀ ਕਰ ਰਹੇ ਹਨ, ਕਿਸੇ ੨ ਵੇਲੇ ਉਨ੍ਹਾਂ ਦੇ ਗਲ ਦੀਆਂ ਟਲੀਆਂ ਦੀ ਅਵਾਜ ਔਂਦੀ ਹੈ।

ਮੰਜਿਆਂ ਦੇ ਲਾਗੇ ਹੀ ਜਟਾਂ ਦੇ ਨਿਕੇ ੨ ਮੁੰਡੇ, ਕੋਈ ਗਲੋਂ ਨੰਗੇ ਤੇ ਕੋਈ ਤੇੜੋਂ ਨੰਗੇ, ਭੁਇੰ ਤੋਂ ਮਿਟੀ ਕਠੀ ਕਰ ਕਰਕੇ ਕਿਆਰੀਆਂ ਬਣਾ ਰਹੇ ਹਨ ਤੇ ਆਡ ਤੋਂ ਟਿੰਗਾਂ ਭਰ ੨ ਕੇ ਆਪਣੀਆਂ ਇਨ੍ਹਾਂ ਕਿਆਰੀਆਂ ਨੂੰ ਪਾਣੀ ਦੇ ਰਹੇ ਹਨ।

ਖੇਡੇ ਰੁਧੇ ਇਹ ਰੰਗੀਲੇ ਬਾਲਕੇ ਜਦ ਉਚੀ ੨

Digitized by Panjab Digital Library | www.panjabdigilib.org

ਕਾਵਾਂ ਰੌਲੀ ਪਾਣ ਲਗ ਪੈਂਦੇ ਹਨ, ਤਾਂ ਲਾਗੇ ਬੈਠੇ ਸਾਊਆਂ ਵਿਚੋਂ ਇਕ ਅਧ ਘੁਰਕੀ ਭਰੀ ਕੜਕਵੀਂ ਅਵਾਜ਼ "ਚੁਪ ਕਰੋ ਓ ਛੋਹਰਹੁੰ, ਕੇ ਰੌਲਾ ਘਤਿਆ ਹੋਇਆ ਨੇਹ" ਇਨ੍ਹਾਂ ਨੂੰ ਕੁਝ ਡਰਾ ਦੇਂਦੀ ਹੈ, ਪਰ ਡਰ, ਅਵਾਜ਼ ਏ ਮੁਕਣ ਤੋਂ ਵੀ ਪਹਿਲਾਂ ਉਡ ਪੁਡ ਜਾਂਦਾ ਹੈ ਤੇ ਓਹ ਫੇਰ ਅਗੇ ਵਾਂਗ ਹੀ ਮਛੀ ਵੇਚਣੀ ਸ਼ੁਰੂ ਕਰ ਦੇਂਦੇ ਹਨ।

ਇਸੇ ਵੇਲੇ ਸਾਰੇ ਵਡਿਆਂ ਨਿਕਿਆਂ ਦਾ ਖਿਆਲ ਇਕੋ ਪਾਸੇ ਖਿਚਿਆ ਗਿਆ। ਇਕ ਗਭਰੀਟ, ਪਿੰਡੋਂ ਨਿਕਲ ਕੇ ਸਾਹੋ ਸਾਹ ਏਸੇ ਪਾਸੇ ਭੱਜਾ ਆਉਂਦਾ ਸੀ। ਪਹਿਰਾਵੇ ਤੋਂ ਉਹ ਸਾਧਾਰਨ ਪੇਂਡੂਆਂ ਨਾਲੋਂ ਕੁਝ ਉਚੇਰੀ ਹਸੀਅਤ ਦਾ ਜਾਪਦਾ ਸੀ।

ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਟਾਹਲੀ ਹੇਠ ਬੈਠੇ ਗਭਰੂਆਂ ਵਿਚੋਂ ਇਕ ਬੋਲਿਆ—"ਫਜੇ ਖਾਂ ਬੜਾ ਘਾਬਰਿਆ ਆਉਂਦਾ ਏ, ਅੱਲਾ ਖ਼ੈਰ ਈ ਕਰੇ।

"ਮਾਹਰ ਹੋਣੀ ਵਲ ਹੋਣ ਸਹੀ, ਰਾਤੀਂ ਆਪਣਾ ਮੁਜਾ ਪਿਆ ਆਂਦਾ ਸੀ ਅਖੇ ਫੇਰ ਘਟ ਗਏ ਨੇ।"

"ਉਮਰ ਵੀ ਪਕੇਰੀ ਹੋਈ, ਨਾਲੇ ਤਾਪ ਆਉਂਦੇ ਨੂੰ ਵੀ ਹੋ ਚਲਿਆ ਸੂ ਮਹੀਨਾ ਸਵਾ। ਭਈ ਅੱਲਾ ਫ਼ਜ਼ਲ ਕਰੇ। ਸਾਡੇ ਪਿੰਡ ਦਾ ਤੇ ਨੱਕ ਏ।"

"ਤੇ ਹੋਰ ਕੀ, ਸਾਰੀ ਤਲਵੰਡੀ ਓਹਦਾ ਨਾਂ ਲੈਕੇ ਰਾਹ ਪੈਂਦੀ ਏ। ਰਾਇ ਬੁਲਾਰ ਜਿਹਾ ਪੁਤਰ ਕਿਸੇ ਮਾਂ ਨੇ ਜੰਮਣਾ ਏਂ?"

"ਪਰ ਵੇਖੇਂ ਨਾ ਮੀਆਂ ਆਹਮਦਾ! ਰਬ ਦੇ ਪਾਸੇ

Digitized by Panjab Digital Library | www.panjabdigilib.org

ਦੀ ਜਾਗ ਤੇ ਓਹਨੂੰ ਥੋੜੇ ਈ ਚਿਰ ਤੋਂ ਲਗੀ ਏ......"

"ਮਾੜਾ ਤੇ ਅਗੇ ਵੀ ਨਹੀਂ ਸੀ, ਪਰ ਜਦੋਂ ਦਾ ਕਾਲੂ ਖਤਰੀ ਦਾ ਪੁਤਰ ਮਿਲਿਆ ਸੂ, ਉਦੋਂ ਦਾ ਤੇ ਕੋਈ ਫਰਿਸ਼ਤਾ ਬਣ ਗਿਆ ਏ, ਦਿਦਾਰ ਕੀਤਿਆਂ ਨੰਦ ਪੈਂਦੀ ਏ।"

ਲਾਗਲੇ ਮੰਜੇ ਤੇ ਇਕ ਵਸਮੇ ਰੰਗੀ ਦਾਹੜੀ ਵਾਲਾ ਬੁਢਾ ਬਜ਼ੁਰਗ ਸਿਰ ਹੇਠ ਬਾਂਹ ਦੇ ਕੇ ਸੁਤਾ ਹੋਇਆ ਸੀ, ਉਹ ਵਿਚੋਂ ਹੀ ਬੋਲਿਆ—"ਹੇਖਾਂ ! ਕਾਲੂ ਦਾ ਪੁਤਰ ਬੜਾ ਕਿਤੇ ਰਹਿ ਗਿਆ ਏ ਵਲੀ। ਅਜੇ ਕਲ੍ਹ ਦਾ ਮੁੰਡਾ ਏ ਉਹ, ਘਰ ਬਾਰ ਛਡ ਕੇ ਉਜੜਿਆ ਫਿਰਦਾ ਏ। ਕਮਬਖ਼ਤੋ, ਸ਼ਰਮ ਨਹੀਂ ਔਂਦੀ ਤੁਹਾਨੂੰ, ਮੋਮਨ ਹੋਕੇ ਗ਼ੈਰ ਮਜ਼ਬ ਦੇ ਬੰਦੇ ਨੂੰ ਇਸ ਤਰ੍ਹਾਂ ਪਏ ਸਲਾਂਹਦੇ ਓ। ਮਾਹਰ ਦੀ ਤੇ ਬੁਢੇ ਵਾਰੇ ਮਤ.........." ਉਸਦੀ ਗਲ ਅਜੇ ਪੂਰੀ ਵੀ ਨਹੀਂ ਸੀ ਹੋਈ ਕਿ ਉਪ੍ਰੋਕਤ ਗਭਰੂ ਆ ਪੁਜਾ ਤੇ ਕਾਹਲੀ ਨਾਲ ਘਰਕਦਾ ਹੋਇਆ ਉਸੇ ਛੇਕੜਲੀ ਗਲ ਕਰਨ ਵਾਲੇ ਨੂੰ ਕਹਿਣ ਲਗਾ—"ਮੀਆਂ ਜੀ ! ਉਠੋ ਉਠੋ, ਛੇਤੀ ਕਰੋ। ਚਾਚਾ ਫੇਰ ਘਟ ਗਿਆ ਏ। ਮੈਂ ਤੇ ਤੁਹਾਨੂੰ ਸਾਰੇ ਪਿੰਡ ਚੋਂ ਲਭ ਆਇਆ ਵਾਂ—ਦੋ ਵਾਰੀ ਮਸੀਤੋਂ ਵੀ ਹੋ ਆਇਆ ਵਾਂ।"

"ਹਸਬੀ ਅੱਲਾਹ" ਕਹਿੰਦਾ ਹੋਇਆ ਉਹ ਬ੍ਰਿਧ ਪੈਰਾਂ ਦੇ ਪੰਜਿਆਂ ਨਾਲ ਮੰਜੇ ਹੇਠ ਪਈ ਜੁਤੀ ਨੂੰ ਅਗ੍ਹਾਂ ਦੇ ਝਾੜਦਾ ਹੋਇਆ ਬੋਲਿਆ—"ਕਿਉਂ ? ਦੁਆਈ ਜੇਹੜੀ ਵਡੇ ਵੇਲੇ ਦਿਤੀ ਸੀ, ਉਸ ਨਾਲ... ......?"

Digitized by Panjab Digital Library | www.panjabdigilib.org

ਆਉਣ ਵਾਲਾ ਵਿਚੋਂ ਹੀ ਬੋਲਿਆ–"ਨਹੀਂ, ਉਸ ਨਾਲ ਕੋਈ ਫਰਕ ਨਹੀਂ ਪਿਆ, ਪਰ ਤੁਸੀਂ ਛੇਤੀ ਤੁਰੋ।"

ਇਹ ਮੀਏਂ ਹੋਰੀਂ ਪਿੰਡ ਦੀ ਮਸੀਤ ਵਿਚ ਰਹਿੰਦੇ ਸਨ। ਦਾਰੂ ਦਰਮਲ ਤੋਂ ਛੁਟ ਝਾੜਾ ਤਵੀਤ ਵੀ ਕਰਿਆ ਕਰਦੇ ਸਨ।

ਅੰਤ ਦੋਵੇਂ ਜਣੇ ਕਾਹਲੇ ਕਾਹਲੇ ਕਦਮ ਪੁਟਦੇ ਹੋਏ ਪਿੰਡ ਵਲ ਤੁਰ ਪਏ ਤੇ ਓਹਨਾਂ ਦੇ ਮਗਰੇ ਹੋਰ ਵੀ ਕਈ ਆਦਮੀ।

## ੨.

"ਨਹੀਂ ਮੀਆਂ ਜੀ, ਹੁਣ ਛਡੋ ਖਹਿੜਾ ਦੁਆਈਆਂ ਦਾ। ਬਥੇਰਾ ਜੀ ਲਿਆ ਏ। ਹੋਰ ਚਾਰ ਦਿਨ ਅੰਨ ਗੰਦਾ ਕਰ ਲਿਆ, ਤਾਂ ਕੀ ਬਣ ਜਾਣਾ ਏਂ।" ਕਹਿੰਦਿਆਂ ਹੋਇਆਂ ਰੋਗੀ ਨੇ ਦੁਆਈ, ਮੰਜੇ ਦੀ ਪੈਂਦ ਵਲ ਰਖ ਦਿਤੀ।

ਰੋਗੀ ਦੀ ਉਮਰ ਸੱਤਰਾਂ ਸਾਲਾਂ ਤੋਂ ਵੀ ਟਪੀ ਹੋਈ ਜਾਪਦੀ ਹੈ। ਉਸ ਦੇ ਨਿਰਬਲ ਸਰੀਰ ਨੂੰ ਵੇਖਕੇ ਨਿਸਚਿਤ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਹ ਕਿੰਨਿਆਂ ਕੁ ਪਹਿਰਾਂ ਜਾਂ ਦਿਨਾਂ ਦਾ ਪਰਾਹੁਣਾ ਹੈ, ਪਰ ਅੱਖਾਂ ਵਿਚ ਅਜੇ ਕੋਈ ਅਜੀਬ ਜਹੀ ਚਮਕ ਬਾਕੀ ਹੈ– ਸਿੱਕ ਤੇ ਆਸ ਭਰੀ ਚਮਕ।

ਰੋਗੀ ਦਾ ਮੰਜਾ, ਘਰ ਦੇ ਮੋਕਲੇ ਦਲਾਨ ਵਿਚ ਬਹੁਤ ਸਾਰੇ ਮਨੁਖਾਂ ਦੇ ਦੁਆਲੇ ਘਿਰਿਆ ਹੋਇਆ ਹੈ। ਦੂਸਰੇ ਮੰਜੇ ਤੇ ਓਹੀ ਮੀਆਂ ਹੋਰੀਂ ਬੈਠੇ ਘੜੀ ਮੁੜੀ

Digitized by Panjab Digital Library | www.panjabdigilib.org

ਉਸ ਦੀ ਨਬਜ਼ ਟਟੋਲ ਰਹੇ ਹਨ । ਉਸ ਦੇ ਨਾਲ ਹੀ ਇਕ ਅਧਖੜ ਉਮਰ ਦਾ ਖਤਰੀ ਬੈਠਾ ਹੈ।

ਖਤਰੀ ਵਲ ਤਕ ਕੇ ਰੋਗੀ ਬੋਲਿਆ—"ਮਹਿਤਾ ! ਕੋਈ ਪਤਾ ਲਗਾ ਈ ਨਾਨਕ ਦਾ ?" ਇਹ ਛੋਟਾ ਜਿਹਾ ਵਾਕ ਬੋਲਦਿਆਂ ੨ ਰੋਗੀ ਨੇ ਕਿਸੇ ਮਸਤੀ ਜਹੀ ਵਿਚ ਆ ਕੇ—ਬਿਨਾਂ ਆਪਣੀ ਗੱਲ ਦਾ ਉਤਰ ਉਡੀਕਿਆਂ ਹੀ ਅਖਾਂ ਬੰਦ ਕਰ ਲਈਆਂ । ਉਸ ਦੀਆਂ ਬੰਦ ਅਖਾਂ ਦੀਆਂ ਪਲਕਾਂ ਗਿਲੀਆਂ ਹੋਣ ਲਗੀਆਂ।

ਉਤਰ ਮਿਲਿਆ—"ਰਾਇ ਜੀ, ਉਸ ਗਏ ਗੁਆਤੇ ਦਾ ਕੀ ਪਤਾ ਪੁਛਦੇ ਓ ਤੁਸੀਂ ? (ਮਥੇ ਤੇ ਹਥ ਮਾਰ ਕੇ) ਮੇਰੀ ਤੇ ਰਾਇ ਜੀ ਤਕਦੀਰ ਈ ਖੋਟੀ ਏ । ਜੇ ਨਾਨਕ ਕਾਸੇ ਜੋਗਾ ਹੁੰਦਾ ਤੇ ਮੈਨੂੰ ਅਜ ਕਾਹਦਾ ਵਿਗੋਚਾ ਸੀ। ਅਜ ਮੈਂ ਪੁਤਰ ਵਾਲਾ ਹੋ ਕੇ ਵੀ ਔਂਤਰਿਆਂ ਵਿਚ ਸ਼ਾਮਲ ਆਂ। ਦੋ ਵਰ੍ਹੇ ਹੋ ਪਏ ਨੇ ਨਿਕਲੇ ਨੂੰ । ਖਬਰੇ ਕੇਹੜੇ ਪਾਸੇ ਉਜੜ ਗਿਆ ਏ ਫੁਕਰਿਆਂ ਨਾਲ । ਨਾ ਓਹਨੂੰ ਘਰ ਦੀ ਸੋਝੀ ਏ ਨਾ ਬਾਹਰ ਦੀ । ਅਖੇ ਪੀਓ ਭੰਗਾਂ ਤੇ ਸੌਂਵੋ ਬਾਗੀਂ ਤੇ ਪਿਛਲੇ ਜੀਊਨ ਆਪਣੇ ਭਾਗੀਂ" ਕਹਿੰਦਿਆਂ ੨ ਉਸ ਦੇ ਚੇਹਰੇ ਉਤੇ ਕ੍ਰੋਧ ਭਰੀ ਬੇਵਸੀ ਝਲਕਣ ਲਗੀ।

ਕਾਲੂ ਪਟਵਾਰੀ ਦੀਆਂ ਏਹਨਾਂ ਸਾਰੀਆਂ ਗਲਾਂ ਵਿਚੋਂ ਸ਼ੈਦ ਬੁਢੇ ਬੁਲਾਰ ਨੇ ਇਕ ਅਖਰ ਵੀ ਨਹੀਂ ਸੁਣਿਆ। ਉਸ ਦੀਆਂ ਅਖਾਂ ਓਵੇਂ ਹੀ ਬੰਦ ਸਨ ਤੇ ਉਨ੍ਹਾਂ ਵਿਚੋਂ ਤਰੁਪ ੨ ਹੰਝੂ ਵਹਿ ਕੇ ਉਸ ਦੀ ਰੂੰ ਵਰਗੀ ਚਿਟੀ

Digitized by Panjab Digital Library | www.panjabdigilib.org

ਦਾਹੜੀ ਵਿਚ ਗੁੰਮ ਹੁੰਦੇ ਜਾਂਦੇ ਸਨ। ਉਧਰ ਕਾਲੂ ਆਪਣੇ ਦੁਖੜੇ ਸੁਣਾਈ ਜਾਂਦਾ ਸੀ ਤੇ ਇਧਰ ਰੋਗੀ ਦੇ ਕਮਜ਼ੋਰ ਬੁਲਾਂ ਉਤੇ ਕੋਈ ਰੀਝਾਂ ਭਰੀ ਮੁਸਕਰਾਹਟ ਸੀ, ਜਿਨ੍ਹਾਂ ਵਿਚੋਂ ਹੌਲੀ ੨ ਇਸ ਤਰ੍ਹਾਂ ਟੁਟੇ ਫੁਟੇ ਵਾਕ ਨਿਕਲ ਰਹੇ ਸਨ–"ਨਾਨਕ......ਮੇਰਾ ਸੋਹਣਾ ਨਾਨਕ...ਮੇਰੀ ਰੂਹ ਨੂੰ ਠੰਢ ਪਾਣ ਵਾਲਾ...ਮੇਰੇ ਗੁਨਾਹਾਂ ਨੂੰ–ਮੇਰੇ ਐਬਾਂ ਨੂੰ ਧੋਣ ਵਾਲਾ। ਮੈਨੂੰ..... ਮੇਰੇ ਨਾਲ ਉਸਦਾ ਇਕਰਾਰ ਸੀ...... ਰਾਇ ਜੀ! ਮੈਂ ਤੁਹਾਡੇ ਅਖੀਰਲੇ ਵੇਲੇ......ਜ਼ਰੂਰ ਮਿਲਾਂਗਾ..... ਹਾਂ ਉਹ ਆਵੇਗਾ......ਜਰੂਰ ਆਵੇਗਾ ...ਮੇਰਾ ਰੂਹਾਨੀ ਬਾਦਸ਼ਾਹ......ਮੇਰੇ ਦਿਲ ਦਾ ਮਾਲਕ ਆਵੇਗਾ..... ਆਵੇਗਾ...." ਕਹਿੰਦਿਆਂ ੨ ਉਸ ਨੇ ਏਸਤਰ੍ਹਾਂ ਮਾਨੋ ਕੋਈ ਖੜਾਕ ਸੁਣ ਕੇ ਕੰਨ ਖੜੇ ਕਰ ਲਏ ਤੇ ਕੋਲ ਬੈਠੇ ਇਕ ਗਭਰੂ ਨੂੰ ਆਖਣ ਲਗਾ "ਫਜਿਆ! ਵੇਖ ਖਾਂ ਪੁੱਤ ਬਾਹਰ ਜਾਕੇ, ਨਾਨਕ ਖੌਰੇ ਤੁਰਿਆ ਔਂਦਾ ਹੋਵੇ। ਜਾਹ ਮੇਰਾ ਸ਼ੇਰ ਛੇਤੀ ਹੋ।"

ਰੋਗੀ ਦੀਆਂ ਇਨ੍ਹਾਂ ਗਲਾਂ ਨਾਲ ਕਿਸੇ ਨੂੰ ਵੀ ਦਿਲਚਸਪੀ ਨਹੀਂ ਸੀ, ਨਾ ਹੀ ਇਨ੍ਹਾਂ ਗਲਾਂ ਵਿਚ ਓਹਨਾਂ ਨੂੰ ਕੋਈ ਸਾਰ ਲਭਦਾ ਸੀ।

ਖਾਸ ਕਰਕੇ ਬੁਢੇ ਮੀਆਂ ਹੋਰੀਂ, ਰਾਇ ਬੁਲਾਰ ਦੀਆਂ ਇਹ ਗਲਾਂ ਸੁਣ ਕੇ ਬਹੁਤ ਦੁਖੀ ਹੋ ਰਹੇ ਸਨ। ਅਖੀਰ ਜਦ ਉਨ੍ਹਾਂ ਤੋਂ ਨਾ ਹੀ ਰਿਹਾ ਗਿਆ, ਤਾਂ ਰੋਗੀ ਨੂੰ ਕਹਿਣ ਲਗੇ–"ਰਾਇ ਜੀ! ਇਹ ਵੇਲਾ ਤੁਹਾਡਾ ਖ਼ੁਦਾ ਨੂੰ ਯਾਦ ਕਰਨ ਦਾ ਏ, ਜੇਹੜਾ ਰੋਜ਼ਿ ਕਿਆਮਤ ਨੂੰ ਤੁਹਾਨੂੰ

Digitized by Panjab Digital Library | www.panjabdigilib.org

ਫ਼ੈਜ਼ ਪਹੁੰਚਾਏਗਾ। ਤੁਸੀਂ ਮੋਮਨ ਹੋ। ਇਸ ਵੇਲੇ ਉਸ ਹਿੰਦੂ ਦੀਵਾਨੇ ਦਾ ਧਿਆਨ ਛਡੋ।"

"ਕੀ ਕਿਹਾ ਜੇ ?" ਉਸ ਵਲ ਪਾਸਾ ਮੋੜ ਕੇ ਰੋਗੀ ਕਹਿਣ ਲਗਾ—"ਕੀ ਕਿਹਾ ਜੇ, ਨਾਨਕ ਹਿੰਦੂ? ਨਾ ਨਾ, ਮੀਆਂ ਜੀ, ਤੁਸੀਂ ਭੁਲਦੇ ਓ। ਮੇਰਾ ਨਾਨਕ ਸਾਰੇ ਮਜ਼ਬਾਂ ਤੋਂ ਉਚਾ, ਸਾਰੀ ਦੁਨੀਆਂ ਤੋਂ ਵਡਾ..............ਰਬ ਦੀ ਵੀ ਮੀਆਂ ਜੀ ਕੋਈ ਜ਼ਾਤ ਹੁੰਦੀ ਏ ? ਉਹ ਰਬ ਦਾ ਨੂਰ.......ਉਹ ਪੀਰਾਂ ਦਾ ਪੀਰ..........ਉਹ ਵਲੀਆਂ ਦਾ ਵਲੀ।" ਕਹਿੰਦਿਆਂ ੨ ਰਾਇਦੁਲਾਰ ਦੀਆਂ ਅਖਾਂ ਫੇਰ ਬੰਦ ਹੋ ਗਈਆਂ, ਵੈਰਾਗ ਦੇ ਝਰਨੇ ਛੁਟ ਪਏ ਤੇ ਚੇਹਰੇ ਦੀਆਂ ਝੁਰੜੀਆਂ ਵਿਚ ਲਾਲੀ, ਭਾਹ ਮਾਰਨ ਲਗੀ। ਬਿਹਬਲ ਗਲੇ ਵਿਚੋਂ ਇਸ ਭਾਵ ਦੇ ਵਾਕ ਨਿਕਲਣ ਲਗੇ:—

## ਗਜ਼ਲ

ਤਰਜ਼—(ਦਿਲਦਾਰ ਕਮੰਦਾਂ ਵਾਲੇ ਦਾ)

—o—

ਇਕ ਵਾਰ ਦਿਦਾਰ ਦਿਖਾ ਨਾਨਕ,
ਹੁਣ ਜਾਣ ਲਬਾਂ ਤੇ ਆਈ ਏ।
ਇਸ ਦਰਸ ਵਿਹੂਣੇ ਰੋਗੀ ਦੀ,
ਤੇਰੇ ਹੀ ਕੋਲ ਦੁਆਈ ਏ।

Digitized by Panjab Digital Library | www.panjabdigilib.org

ਹੁਣ ਕੂਚ ਕਰਨ ਦਾ ਵੇਲਾ ਏ,
ਕੋਈ ਦੋ ਘੜੀਆਂ ਦਾ ਮੇਲਾ ਏ।
ਪਰ ਮਨ ਮੋਹਣੀ ਤਸਵੀਰ ਤੇਰੀ,
ਅਖੀਆਂ ਦੇ ਵਿੱਚ ਸਮਾਈ ਏ।
ਇਕ ਵਾਰ........................।
ਹੱਥ ਕੰਬਦੇ ਲੱਤਾਂ ਡੋਲ ਰਹੀਆਂ,
ਅਖੀਆਂ ਪਰਨਾਲੇ ਡੋਲ੍ਹ ਰਹੀਆਂ।
ਸੀਨੇ ਵਿਚ ਦਿਲ ਪਿਆ ਲੁਛਦਾ ਏ,
ਦਿਲ ਅੰਦਰ ਰੀਝ ਸਮਾਈ ਏ।
ਇਕ ਵਾਰ........................।
ਤੂੰ ਗ਼ਜ਼ਨੀ ਕਾਬਲ ਜਾਨਾ ਏਂ,
ਦੁਖੀਆਂ ਦੇ ਦਰਦ ਮਿਟਾਨਾ ਏਂ।
ਪਰ ਮੇਰੀ ਵਾਰੀ ਸੋਹਣਿਆ ਵੇ,
ਕਿਉਂ ਇਤਨੀ ਦੇਰੀ ਲਾਈ ਏ।
ਇਕ ਵਾਰ.....................।
ਕੀ ਅੰਤਮ ਦੀਦ ਨ ਪਾਵਾਂਗਾ ?
ਕੁਰਲਾਂਦਾ ਹੀ ਟੁਰ ਜਾਵਾਂਗਾ ?
ਓ ਨਿਰ ਧਿਰਿਆਂ ਦੀ ਧਿਰ ਨਾਨਕ !
ਕਿਉਂ ਮੇਰੀ ਯਾਦ ਨ ਆਈ ਏ।
ਇਕ ਵਾਰ.......................।

—o—

Digitized by Panjab Digital Library | www.panjabdigilib.org

## ੩.

ਬਰਸਾਤ ਭਾਵੇਂ ਲੰਘ ਚੁਕੀ ਹੈ, ਪਰ ਫਿਰ ਵੀ ਸੂਰਜ ਨੂੰ ਕਾਲੇ ਬਦਲਾਂ ਨੇ ਢਕਿਆ ਹੋਇਆ ਹੈ। ਅੰਮ੍ਰਿਤ ਵੇਲੇ ਦੀ ਠੰਢੀ ਤੇ ਭਿੰਨੀ ਪੌਣ ਦੇ ਹੁਲਾਰਿਆਂ ਨਾਲ ਬਨਾਸਪਤੀ ਲਹਿਰੱਾ ਰਹੀ ਹੈ।

ਮੁਲਤਾਨ ਤੋਂ ਦਖਣ ਵਲ ਕੁਝ ਮੀਲਾਂ ਦੀ ਵਾਟ ਤੇ ਇਕ ਫ਼ਾਜ਼ਲਸ਼ਾਹ ਨਾਮੇ ਪਿੰਡ ਹੈ, ਜਿਸ ਦੀ ਰਲੀ ਮਿਲੀ ਆਬਾਦੀ ਕੋਈ ਚਾਰ ਕੁ ਸੌ ਘਰ ਹਨ।

ਇਸ ਪਿੰਡ ਦੀ ਲਹਿੰਦੇ ਦੀ ਨੁਕਰੇ ਇਕ ਸੰਘਣੀ ਝੰਗੀ ਹੈ। ਘਾਹ ਦੇ ਮਖ਼ਮਲੀ ਫ਼ਰਸ਼ ਉਤੇ ਨਾਲੋ ਨਾਲ ਬਿਦ ਦੇ ਖੜੋਤੇ ਟਾਹਲੀਆਂ ਦੇ ਦਰਖ਼ਤ ਇਸ ਸਮੇਂ ਨੂੰ ਹੋਰ ਵੀ ਸੁਹਾਉਣਾ ਬਣਾ ਰਹੇ ਹਨ।

ਇਸ ਪੱਧਰ ਦੇ ਵਿਚਾਲੇ ਕਰਕੇ ਇਕ ਸੂਫ਼ੀ ਫ਼ਕੀਰ ਟਾਹਲੀ ਹੇਠ ਧੂਣੀ ਰਮਾਈ ਬੈਠਾ ਹੈ ਤੇ ਉਸ ਦੇ ਸਾਹਮਣੇ ੨੦-੨੫ ਸਾਊ ਬੜੇ ਅਦਬ ਨਾਲ ਸਿਰ ਝੁਕਾਈ ਬੈਠੇ ਹਨ।

ਫਕੀਰ ਦੇ ਮਥੇ ਦਾ ਜਲਾਲ ਦਸਦਾ ਹੈ, ਕਿ ਉਸਦਾ ਅੰਦਰਲਾ ਉੱਕਾ ਸਖਣਾ ਨਹੀਂ, ਪਰ ਚੇਹਰੇ ਦੀ ਉਦਾਸੀ ਤੇ ਅਖਾਂ ਵਿਚ ਝਲਕ ਰਹੀ ਕ੍ਰੋਧ ਦੀ ਚਮਕ ਵੇਖ ਕੇ ਜਾਪਦਾ ਹੈ ਕਿ ਅਜੇ ਹਿਰਦੇ ਨੂੰ ਨਿਘ ਦੇਣ ਵਾਲੀ ਚਿਣਗ ਨਹੀਂ ਮੱਘੀ-ਕੁਝ ਧੁੰਦਲੀ ਜਹੀ ਅਨਭਵਤਾ ਜਾਗੀ ਹੈ, ਪਰ ਸੂਝ ਕੋਈ ਨਹੀਂ ਹੋਈ। ਰਾਹੇ ਪੈ ਗਿਆ

Digitized by Panjab Digital Library | www.panjabdigilib.org

ਹੈ, ਪਰ ਅਗੋਂ ਜੇਹੜੇ ਪਾਸੇ ਜਾਣਾ ਹੈ, ਇਸ ਦੀ ਸਾਰ ਨਹੀਂ ਲਭੀ।

ਵੇਖਦਿਆਂ ਹੀ ਵੇਖਦਿਆਂ ਸ਼ਰਧਾਲੂਆਂ ਦੀ ਚੋਖੀ ਭੀੜ ਜਮ੍ਹਾ ਹੋ ਗਈ। ਤੈਥੋਂ ਮੈਥੋਂ ਸੁਣ ਕੇ ਕਿ ਕੋਈ ਕਰਨੀ ਵਾਲਾ ਫਕੀਰ ਝੁੰਗੀ ਵਿਚ ਆ ਉਤਰਿਆ ਹੈ, ਪਿੰਡ ਦੇ ਇਸਤ੍ਰੀ ਪੁਰਸ਼ ਦਬਾਦਬ ਆਉਣੇ ਸ਼ੁਰੂ ਹੋ ਗਏ। ਸੰਸਾਰਕ ਦੁਖਾਂ ਦੀ ਘਾਣੀ ਵਿਚ ਪੀੜੀਦੇ ਲੋਕੀ ਜਦ ਕਿਸੇ ਰਬ-ਪਿਆਰੇ ਦੀ ਔਂਦ ਸੁਣਦੇ ਹਨ ਤਾਂ ਏਸੇਤਰ੍ਹਾਂ ਭਜ ਵਗਦੇ ਹਨ ਉਸ ਵਲ। ਕਾਹਦੇ ਲਈ? ਸੰਸਾਰਕ ਥੁੜਾਂ ਤੇ ਊਣਤਾਈਆਂ ਪੂਰੀਆਂ ਕਰਨ ਲਈ, ਅਥਵਾ ਦੁਖਾਂ ਕਸ਼ਟਾਂ ਦੀ ਨਵਿਰਤੀ ਲਈ।

ਜੇਹੜਾ ਵੀ ਫਕੀਰ ਦੇ ਦਰਸ਼ਨਾਂ ਨੂੰ ਆਉਂਦਾ ਹੈ, ਕੁਝ ਨ ਕੁਝ ਲੈਕੇ—ਖਾਲੀ ਹਥੀਂ ਕੋਈ ਨਹੀਂ ਆਇਆ। ਇਹੋ ਕਾਰਨ ਹੈ ਕਿ ਫਕੀਰ ਦੇ ਸਾਮ੍ਹਣੇ ਖਾਣ ਪੀਣ ਦੇ ਪਦਾਰਥ ਚੋਖੇ ਸਾਰੇ ਜਮਾ ਹੋ ਗਏ ਹਨ।

ਕਿੰਨੇ ਹੀ ਚਿਰ ਤੋਂ ਸਾਰੇ ਲੋਕੀ ਉਡੀਕ ਵਿਚ ਬੈਠੇ ਰਹੇ ਕਿ ਫਕੀਰ ਸਾਈਂ ਕੇਹੜੇ ਵੇਲੇ ਉਨ੍ਹਾਂ ਵਲ ਧਿਆਨ ਦੇਵੇ ਤੇ ਉਹ ਆਪੋ ਅਪਣੇ ਦੁਖਾਂ ਦੇ ਫੋਲਣੇ ਫੋਲ ਕੇ ਉਸਨੂੰ ਸੁਣਾਉਨ।

ਜਦ ਫਕੀਰ ਨੇ ਰਤਾ ਕੁ ਨਜ਼ਰ ਭੁਆ ਕੇ ਉਨ੍ਹਾਂ ਵਲ ਤਕਿਆ, ਤਾਂ ਸਾਰਿਆਂ ਦੇ ਸਿਰ ਨਿਉਂ ਗਏ।

ਇਸ ਮੌਕੇ ਨੂੰ ਹੀ ਗ਼ਨੀਮਤ ਜਾਣਕੇ ਝਟਪਟ ਇਕ ਨੇ ਪੁਛਿਆ—"ਸਾਈਂ ਜੀ, ਕਿਥੋਂ ਆਏ ਓ?"

Digitized by Panjab Digital Library | www.panjabdigilib.org

ਆਪਣੇ ਸਾਮ੍ਹਣੇ ਲੰਮਾ ਚੌੜਾ ਖਿਲਰ ਖਲੋਰਾ ਤੇ ਭੀੜ ਵੇਖ ਕੇ ਫਕੀਰ ਦੀਆਂ ਅਖਾਂ, ਗੁਸੇ ਨਾਲ ਤ੍ਰਮਤਮਾਂ ਉਠੀਆਂ। ਪ੍ਰਸ਼ਨ-ਕਰਤਾ ਦੇ ਉਤਰ ਵਿਚ ਬੋਲੇ- "ਜਹੰਨਮ ਚੋਂ"

ਸਾਰੇ ਸਹਿਮ ਗਏ, ਪਰ ਇਸ ਕ੍ਰੋਧ ਭਰੇ ਵਾਕ ਨੂੰ ਸੁਣਕੇ ਉਨ੍ਹਾਂ ਦੀ ਸ਼ਰਧਾ ਭਗਤੀ ਹੋਰ ਵੀ ਤੀਬਰ ਹੋ ਉੱਠੀ। ਜ਼ਰੂਰ ਕੋਈ ਕਰਨੀ ਵਾਲਾ ਫਕੀਰ ਹੈ। ਇਹ ਖਿਆਲ ਕਰਕੇ ਹਰ ਇਕ ਨੂੰ ਖ਼ਾਹਿਸ਼ ਹੋਈ ਕੁਝ ਨ ਕੁਝ ਕਹਿਣ ਦੀ ਤੇ ਉਸਦੇ ਬਦਲੇ ਅਕਾਸ਼ ਬਾਣੀ ਰੂਪੀ ਫਕੀਰ ਦੇ ਕੌੜੇ ਬਚਨ ਸੁਣਨ ਦੀ।

ਇਕ ਹੋਰ ਛੇਤੀ ਨਾਲ ਅਗਾਂਹ ਆ ਕੇ ਤੇ ਹਥ ਜੋੜ ਕੇ ਬੋਲਿਆ-"ਸਾਈਂ ਜੀ, ਕੁਝ ਸਾਡੇ ਉਤੇ ਵੀ ਮੇਹਰ ਦੀ ਨਜ਼ਰ ਕਰੋ। ਮੇਰਾ.........."

ਉਸ ਦੀ ਗਲ ਅਜੇ ਪੂਰੀ ਵੀ ਨਹੀਂ ਸੀ ਹੋਈ ਇਕ ਹੋਰ ਓਦੂੰ ਵੀ ਜ਼ਰਾ ਅਗੇ ਸਰਕ ਕੇ ਬੋਲਿਆ- "ਅੱਲਾ ਵਾਲਿਓ, ਕੋਈ ਰੇਖ ਵਿਚ ਮੇਖ ਮਾਰੋ। ਕਰਜੇ ਨਾਲ ਪਰੋਤਾ ਪਿਆ ਵਾਂ"

ਤੀਜਾ ਬੋਲਿਆ-"ਸਾਈਂ ਜੀ ਤੁਸੀਂ ਤੇ ਰਬ ਦੇ ਪਿਆਰੇ ਓ, ਸਾਡੀ ਝੋਲੀ ਵੀ ਖੈਰ ਪਾਓ। ਮੇਰਾ ਤੇ ਸਵਾ ਸੌ ਦਾ ਬੌਲਦ ਚੋਰ ਲੈ ਗਏ ਨੇ"

ਗਲ ਕੀ ਸਾਰੇ ਲਗੇ ਆਪੋ ਆਪਣੀਆਂ ਮੁਸੀਬਤਾਂ ਦੀ ਵਿਆਖਿਆ ਕਰਨ।

ਕਿਸੇ ਦੀ ਗਲ ਦਾ ਕੋਈ ਜਵਾਬ ਦੇਣ ਦੇ ਥਾਂ

Digitized by Panjab Digital Library | www.panjabdigilib.org

ਫਕੀਰ, ਲੋਹਾ ਲਾਖਾ ਹੋਕੇ ਉਨ੍ਹਾਂ ਉਤੇ ਵਰ੍ਹਨ ਲਗਾ। ਜੋ ਮੂੰਹੋਂ ਆਇਆ ਉਗਲਣਾ ਸ਼ੁਰੂ ਕਰ ਦਿਤਾ।

ਜ਼ਬਾਨ ਤੋਂ ਬਾਦ ਹਥਾਂ ਦੀ ਵਾਰੀ ਆਈ। ਗੱਲਾਂ ਦੇ ਨਾਲ ੨ ਹੀ ਆਪਣੇ ਅਗੇ ਪਈਆਂ ਚੀਜਾਂ ਨੂੰ ਚੁਕ ਚੁਕ ਕੇ ਉਹ ਬੜੇ ਜ਼ੋਰ ਨਾਲ ਲੋਕਾਂ ਉਤੇ ਮਾਰਨ ਲਗਾ।

ਫ਼ਕੀਰ ਦਾ ਖਿਆਲ ਸੀ ਕਿ ਉਸ ਦੇ ਤ੍ਰਿਸਕਾਰ ਤੋਂ ਡਰ ਕੇ ਲੋਕੀ ਨਠ ਭਜ ਜਾਣਗੇ, ਪਰ ਇਸ ਦੇ ਬਦਲੇ ਸਗੋਂ ਉਹ ਹੋਰ ਵੀ ਡੂੰਘੀ ਸ਼ਰਧਾ ਨਾਲ ਬੈਠੇ ਰਹੇ ਤੇ ਆਪਣੇ ਉਤੇ ਪੈਂਦੀਆਂ ਚੀਜ਼ਾਂ ਨੂੰ ਫਕੀਰ ਦਾ ਪ੍ਰਸ਼ਾਦ ਸਮਝ ਕੇ ਅੰਗੀਕਾਰ ਕਰਨ ਲਗੇ।

ਫਕੀਰ ਦਾ ਗੁਸਾ ਹੋਰ ਤੇਜ ਹੋਇਆ। ਉਹ ਉਠ ਕੇ ਖੜਾ ਹੋ ਗਿਆ ਤੇ ਜੋ ਉਦੇ ਹਥ ਆਇਆ, ਵਗਾਹ ਮਾਰਿਆ।

ਹੁਣ ਤਾਂ ਲੋਕਾਂ ਦਾ ਬੈਠੇ ਰਹਿਣਾ ਔਖਾ ਹੋ ਗਿਆ। ਹਫੜਾ ਦਫੜੀ ਪੈ ਗਈ। ਲੋਕੀ ਅਗੇ ਅਗੇ ਤੇ ਫਕੀਰ ਮਗਰ ਮਗਰ।

ਸਭ ਨੂੰ ਭਜਾ ਕੇ ਫਕੀਰ ਹਫਦਾ ਹੋਇਆ ਮੁੜ ਆਪਣੇ ਥਾਂ ਤੇ ਆ ਗਿਆ, ਪਰ ਕ੍ਰੋਧ ਦੇ ਮਾਰੇ ਉਸ ਲਈ ਬੈਠਣਾ ਮੁਸ਼ਕਲ ਸੀ। ਖੜੋਤਾ ੨ ਹੀ ਸ਼ੂਕਰਾਂ ਮਾਰਨ ਲਗਾ।

ਇਸ ਵੇਲੇ ਚੜ੍ਹਦੇ ਵਲੋਂ ਸੂਰਜ ਦੀਆਂ ਪੀਲੀਆਂ ਕਿਰਨਾਂ ਆ ਕੇ ਫਕੀਰ ਦੇ ਚੇਹਰੇ ਤੇ ਪੈ ਰਹੀਆਂ ਸਨ। ਉਸ ਦਾ ਅੰਦਰ ਬਾਹਰ ਕ੍ਰੋਧ ਦੀ ਅਗ ਨਾਲ ਝੁਲਸ ਰਿਹਾ ਸੀ। ਸਾਰੇ ਸੰਸਾਰ ਨੂੰ ਉਹ ਇਸ ਵੇਲੇ ਨਫ਼ਰਤ ਨਾਲ ਵੇਖ

Digitized by Panjab Digital Library | www.panjabdigilib.org

ਰਿਹਾ ਸੀ। ਇਥੋਂ ਤਕ ਕਿ ਕੁਦਰਤ ਦੇ ਅਟੱਲ ਪਹਿਰੇਦਾਰ ਸੂਰਜ ਉਤੇ ਵੀ ਉਸ ਨੂੰ ਕ੍ਰੋਧ ਆਉਣ ਲਗਾ। ਉਸ ਨੇ ਘਿਰਣਾ ਨਾਲ ਮੂੰਹ ਫੇਰ ਲਿਆ। ਧਰਤੀ ਦੇ ਜਿਸ ਟੁਕੜੇ ਉਤ ਉਹ ਖੜਾ ਸੀ, ਉਹ ਵੀ ਉਸ ਨੂੰ ਆਪਣਾ ਵੈਰੀ ਜਾਪਣ ਲਗਾ। ਦਰਖਤਾਂ ਤੇ ਬੋਲ ਰਹੇ ਪੰਛੀਆਂ ਦੀਆਂ ਸੁਰੀਲੀਆਂ ਅਵਾਜਾਂ ਉਸ ਦੇ ਦਿਲ ਤੇ ਚੋਭਾਂ ਲਾ ਰਹੀਆਂ ਸਨ। ਹਵਾ ਦਾ ਬੁੱਲਾ ਆਕੇ ਜਦ ਧੂਹਣੀ ਦੀ ਸੁਆਹ ਨੂੰ ਉਡਾਂਦਾ ਸੀ, ਤਾਂ ਫਕੀਰ ਲਈ ਉਸ ਦੀ ਇਹ ਨੀਚਤਾ ਵੀ ਅਸਹਿ ਸੀ।

ਨਠੇ ਹੋਏ ਲੋਕਾਂ ਨੇ ਫੇਰ ਨੇੜੇ ਆਉਣ ਦੀ ਹਿੰਮਤ ਨਾ ਕੀਤੀ, ਪਰ ਫਕੀਰ ਦਾ ਖਹਿੜਾ ਵੀ ਨਾ ਛਡ ਸਕੇ। ਲਾਗੇ ਪਾਸੇ ਲੁਕ ਕੇ ਹੋ ਖੜੋਤੇ।

ਬੁਲ੍ਹ ਟੁਕਦਾ ਤੈ ਦੰਦ ਕਰੀਚਦਾ ਹੋਇਆ ਫਕੀਰ ਅਜੇ ਤੀਕ ਬਰਾਬਰ ਦੁਰਬਚਨ ਬੋਲ ਰਿਹਾ ਸੀ, ਕਿ ਅਚਾਨਕ ਪਿਛਲੇ ਬੰਨਿਓਂ ਕੁਝ ਮਨੁਖੀ ਪਰਛਾਵੇਂ ਆਕੇ ਉਸ ਦੇ ਸਾਮ੍ਹਣੇ ਰੁਕ ਗਏ।

"ਕੰਮਬਖਤ ਫੇਰ ਆ ਗਏ ?" ਕਹਿੰਦਿਆਂ ੨ ਉਸ ਨੇ ਧੂਹਣੀ ਚੋਂ ਇਕ ਧੁਖਦੀ ਲਕੜ ਖਿਚ ਲਈ ਤੇ ਮਾਰਨ ਲਈ ਜਿਉਂ ਹੀ ਪਿਛਾਂਹ ਮੁੜਿਆ, ਉਸ ਦੇ ਕੰਨੀ ਇਕ ਡਾਢੀ ਮਧੁਰ ਅਵਾਜ ਪਈ–"ਫਕੀਰਾਂ ਨੂੰ ਇਹ ਰੰਗ ਢੰਗ ਨਹੀਂ ਸੋਭਦਾ ਸਾਈਂ ਜੀ" ਤੇ ਉਸ ਨੇ ਇਕ ਸ਼ਾਂਤੀ ਤੇ ਰੂਹਾਨੀਅਤ ਦੇ ਦੇਵਤੇ ਨੂੰ ਦੋਂਹ ਬੰਦਿਆਂ ਦੇ ਵਿਚਾਲੇ ਵੇਖਿਆ।

Digitized by Panjab Digital Library | www.panjabdigilib.org

ਉਪਰੋਕਤ ਵਾਕ ਨੇ ਮਾਨੋ ਫਕੀਰ ਦੇ ਕੰਨਾਂ ਵਿਚ ਅੰਮ੍ਰਿਤ ਦਾ ਸੰਚਾਰ ਕਰ ਦਿਤਾ ਤੇ ਦਰਸ਼ਨ ਨੇ ਉਸ ਦੀ ਕਾਇਆਂ ਹੀ ਪਲਟ ਦਿਤੀ। ਧੁਖਦੀ ਲਕੜ ਹਥੋਂ ਡਿਗ ਕੇ ਭੁੰਜੇ ਜਾ ਪਈ ਤੇ ਇਸ ਦੇ ਨਾਲ ਹੀ ਕ੍ਰੋਧ ਦੀ ਮਘ ਰਹੀ ਅੰਗੀਠੀ ਉਤੇ ਵੀ ਮਾਨੋ ਪਾਣੀ ਦਾ ਤ੍ਰੌਂਕਾ ਪੈ ਗਿਆ।

ਕੁਝ ਚਿਰ ਉਸਦੇ ਮੂੰਹੋਂ ਇਕ ਵੀ ਸ਼ਬਦ ਨਾ ਨਿਕਲਿਆ, ਬਿਤਰ ਬਿਤਰ ਉਨ੍ਹਾਂ ਦੇ ਮੂੰਹਾਂ ਵਲ ਤਕਦਾ ਰਿਹਾ। ਅੰਤ ਸਾਰਾ ਬਲ ਇਕੱਠ੍ਹਾ ਕਰਕੇ ਬੋਲਿਆ—"ਤੁਸੀਂ ਕੌਣ ਹੋ?"

"ਮੈਨੂੰ ਨਾਨਕ ਨਿਰੰਕਾਰੀ ਆਂਹਦੇ ਨੇ ਸਾਈਂ ਜੀ" ਕਹਿਕੇ ਦੋ ਜਹਾਨ ਦੇ ਵਾਲੀ ਨੇ ਫਕੀਰ ਦਾ ਹਥ ਫੜ ਕੇ ਫਰਮਾਇਆ—"ਫ਼ਰੀਦ ਜੀ! ਆਓ ਬੈਠੋ। ਸ਼ਾਂਤ ਹੋਵੋ। ਵਿਚਾਰੇ ਸੰਸਾਰੀਆਂ ਉਤੇ ਤਰਸ ਕਰੋ"

"ਬਾਬਾ ਨਾਨਕ?" ਫਕੀਰ ਨੇ ਸ਼ੰਕਾ ਭਰੀ ਨਜ਼ਰਨਾਲ ਤਕਕੇ ਕਿਹਾ—"ਤਲਵੰਡੀ ਵਾਲਾ ਨਾਨਕ? ਜਿਸ ਦੀ ਕਰਨੀ ਦੀਆਂ ਧੁੰਮਾਂ ਦੇਸ਼ ਦੇਸ਼ਾਂਤਰਾਂ ਵਿਚ ਪਈਆਂ ਹੋਈਆਂ ਨੇ? ਤੇ ਮੇਰਾ ਨਾਂ ਤੁਹਾਨੂੰ....." ਬੋਲਦਾ ਬੋਲਦਾ ਫਕੀਰ ਰੁਕ ਗਿਆ, ਕਾਰਨ? ਉਸ ਦੀ ਸ਼ੰਕਾ ਦਾ ਉਤਰ ਉਸ ਦੇ ਆਪਣੇ ਅੰਦਰੋਂ ਹੀ ਮਿਲ ਗਿਆ, ਜਦ ਕਿ ਕ੍ਰੋਧ ਨਾਲ ਤਪਦਾ ਦਿਲ, ਇਕ ਦੰਮ ਸ਼ਾਂਤ ਹੋ ਗਿਆ, ਅੰਦਰਲੇ ਨੂੰ ਕਿਸੇ ਮਿਠੇ ਮਿਠੇ ਖੁਮਾਰ ਦਾ ਅਨੁਭਵ ਹੋਣ ਲਗਾ ਤੇ ਈਰਖਾ ਨਾਲ ਤਪ ਕੇ ਖੁਸ਼ਕ ਹੋਈਆਂ ਅਖਾਂ ਵਿਚ ਪਿਆਰ ਤੇ ਵੈਰਾਗ ਦੀ ਸੇਜਲ ਆ ਗਈ, ਰਹਿੰਦੀ ਖੂੰਹਦ। ਸ਼ੰਕਾ, ਹਥ ਦੇ ਸਪਰਸ਼ ਨੇ ਮਿਟਾ ਦਿਤੀ, ਜਿਸਦੀ ਇਕੋ ਛੁਹ

Digitized by Panjab Digital Library | www.panjabdigilib.org

ਨੇ ਫਕੀਰ ਦੇ ਅੰਦਰ ਬਿਨਾ ਕਾਰਨ ਹੀ ਕੁਝ ਅਦਲਾਬਦਲੀ ਜਹੀ ਲੈ ਆਂਦੀ ।

ਪਰ ਆਪਣੇ ਸੁਭਾਉ ਤੇ ਮਾਨ ਮਰਯਾਦਾ ਦੀ ਮਜਬੂਰੀ ਕਰਕੇ ਉਹ ਆਪਣੇ ਦਿਲ ਵਿਚ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਉਹ ਕਿਸੇ ਨਾਲੋਂ ਘਟ ਹੈ। ਦਿਲ ਦੇ ਭਾਵ ਨੂੰ ਦਬਾਉਂਦਿਆਂ ਹੋਇਆਂ ਉਹ ਕ੍ਰੋਧ ਨਾਲ ਬੋਲਿਆ-"ਤੁਸੀ ਕੌਣ ਹੋ ਮੈਨੂੰ ਰੋਕਣ ਵਾਲੇ ? ਮੈਂ ਤੁਹਾਡੇ ਵਰਗੇ ਬਹੁਤ ਵੇਖੇ ਨੇ। ਜਾਓ ਆਪਣਾ ਰਸਤਾ ਫੜੋ"

ਉਤਰ ਵਿਚ ਉਸੇ ਤਰ੍ਹਾਂ ਦੇ ਪਿਆਰ-ਰਤੇ ਵਾਕ ਉਸ ਨੇ ਸੁਣੇ-"ਬੇਸ਼ਕ ਸਾਈਂ ਜੀ, ਤੁਸਾਂ ਮੇਰੇ ਵਰਗੇ ਬਹੁਤ ਵਾਰੀ ਵੇਖੇ ਹੋਣਗੇ, ਪਰ ਜੇ ਕਦੇ ਮੇਰੇ ਦਾਤਾਰ ਨੂੰ ਇਕ ਵਾਰੀ ਵੇਖ ਲੈਂਦੇ, ਤਾਂ ਇਹ ਕ੍ਰੋਧ ਚੰਡਾਲ ਕਦੇ ਵੀ ਤੁਹਾਡੇ ਉਤੇ ਗ਼ਾਲਬ ਨਾ ਹੁੰਦਾ"

"ਕਿਥੇ ਹੈ ਤੇਰਾ ਉਹ ਦਾਤਾਰ ?" ਫਕੀਰ ਨੇ ਉਸੇ ਤਰ੍ਹਾਂ ਹੋਠ ਕੰਬਾਉਂਦਿਆਂ ਹੋਇਆਂ ਕਿਹਾ।

"ਉਹ ਓਨ੍ਹਾਂ ਈ ਲੋਕਾਂ ਵਿਚ ਹੈ ਸਾਈਂ ਜੀ, ਜਿਨ੍ਹਾਂ ਨੂੰ ਤੁਸੀਂ ਤਤੇ ਚਿਮਟਿਆਂ ਤੇ ਧੁਖਦੀਆਂ ਲਕੜਾਂ ਨਾਲ ਮਾਰ ਰਹੇ ਹੋ" ਕਹਿੰਦਿਆਂ ੨ ਚੋਜੀ ਪ੍ਰੀਤਮ ਨੇ ਕੁਝ ਦੂਰੀ ਉਤੇ ਸਹਿਮੇ ਖੜੋਤੇ ਲੋਕਾਂ ਵਲ ਤਕਿਆ।

ਫਕੀਰ ਨੂੰ ਹੋਰ ਰੋਹ ਚੜ੍ਹਿਆ। ਮਥੇ ਦੀਆਂ ਨਾੜਾਂ ਫੁਲਾ ਕੇ ਬੋਲਿਆ-"ਕਿਨ੍ਹਾਂ ਪਾਸ ? ਇਨ੍ਹਾਂ ਦੋਜ਼ਖ਼ੀ ਕੀੜਿਆਂ ਪਾਸ ? ਇਨ੍ਹਾਂ ਬਦੀ, ਬਖ਼ੀਲੀ ਤੇ ਹਿਰਸ ਦੇ ਪੁਤਲਿਆਂ ਪਾਸ ? ਰਬ ਨਹੀਂ, ਸ਼ੈਤਾਨ ਦਾ ਵਾਸਾ ਹੈ ਇਨ੍ਹਾਂ ਕੋਲ।

BOOK 16958 PANJAB PATIALA

Digitized by Panjab Digital Library | www.panjabdigilib.org

ਜਿਨ੍ਹਾਂ ਮੇਰੇ ਵਰਗਿਆਂ ਦੀਆਂ ਉਮਰਾਂ ਗਲ ਗਈਆਂ ਨੇ ਉਸ ਦੇ ਫ਼ਿਰਾਕ ਵਿਚ ਭਟਕਦਿਆਂ, ਉਨ੍ਹਾਂ ਨੂੰ ਰਬ ਦਾ ਦੀਦਾਰ ਨਹੀਂ ਹੋਇਆ ਤੇ ਤੁਸੀਂ ਉਨ੍ਹਾਂ ਲੋਕਾਂ ਪਾਸ ਰਬ ਦਾ ਹੋਣਾ ਦਸਦੇ ਹੋ, ਜਿਨ੍ਹਾਂ ਨੇ ਕਦੇ ਭੁਲ ਕੇ ਕੋਈ ਨੇਕ ਕੰਮ ਨਹੀਂ ਕੀਤਾ—ਦੋ ਘੜੀਆਂ ਵੀ ਕਦੇ ਇਬਾਦਤ ਨਹੀਂ ਕੀਤੀ"

"ਤੁਸੀਂ ਠੀਕ ਕਹਿੰਦੇ ਹੋ, ਪਰ ਤੁਹਾਡੀ ਢੂੰਡ ਅਧੂਰੀ ਤੇ ਕੁਚੱਜੀ ਹੈ। ਰਬ ਨੂੰ ਉਸ ਦੇ ਅਸਲੀ ਘਰ ਵਿਚੋਂ ਲਭਣ ਦੇ ਥਾਂ ਤੁਸੀਂ ਜੰਗਲਾਂ ਬੀਆਬਾਨਾਂ ਤੇ ਪਹਾੜੀ ਚੋਟੀਆਂ ਨੂੰ ਕਛਦੇ ਰਹੇ ਹੋ"

ਫਕੀਰ ਨੂੰ ਇਨ੍ਹਾਂ ਗਲਾਂ ਵਿਚੋਂ ਸੁਆਦ ਜਿਹਾ ਆਉਣ ਲਗਾ, ਉਸ ਦੀ ਖ਼ੁਸ਼ਕ ਤੇ ਪਿਆਸੀ ਰੂਹ ਨੇ ਕੁਝ ਤ੍ਰਿਪਤੀ ਜਹੀ ਮਹਿਸੂਸ ਕੀਤੀ। ਹੌਲੀ ੨ ਉਸ ਦੇ ਸਾਰੇ ਅੰਗਾਂ ਤੋਂ ਕ੍ਰੋਧ ਦੇ ਚਿਨ੍ਹ ਗੁੰਮ ਹੋ ਗਏ ਤੇ ਇਨ੍ਹਾਂ ਦੇ ਥਾਂ ਹੁਣ ਕੋਈ ਮਿਠ੍ਹੀ ਜਹੀ ਝਰਨਾਟ ਫਿਰਦੀ ਜਾਪੀ।

ਦੂਰ ਖੜੋਤੇ ਲੋਕੀ ਵੀ ਇਸ ਅਸਰ ਤੋਂ ਨਾ ਬਚ ਸਕੇ। ਕਿਸੇ ਖਿਚ ਦੇ ਖਿਚੇ ਹੋਏ ਹੌਲੀ ੨ ਸਾਰੇ ਹੀ ਮੁੜ ਉਥੇ ਆ ਬੈਠੇ। ਬਾਬੇ ਦਾ ਹਰ ਇਕ ਵਾਕ ਉਨ੍ਹਾਂ ਨੂੰ ਸਰੂਰ ਦੇ ਰਿਹਾ ਸੀ।

ਫਕੀਰ ਨੇ ਜਦ ਡਿਠਾ ਕਿ ਇਹ ਕੋਈ ਭਰਿਆ ਹੋਇਆ ਭਾਂਡਾ ਹੈ, ਤਾਂ ਉਸ ਦਾ ਸ੍ਵੈਮਾਣ, ਤੇ ਉਸ ਦਾ ਗ਼ਰੂਰ ਉਡਦੇ ਨਾ ਦਿਸੇ। ਉਸ ਨੇ ਆਦਰ ਨਾਲ ਬਾਬੇ ਨੂੰ ਪਾਸ ਬਿਠਾ ਲਿਆ। ਭਾਈ ਬਾਲਾ ਮਰਦਾਨਾ ਵੀ

Digitized by Panjab Digital Library | www.panjabdigilib.org

ਬੈਠ ਗਏ ।

ਫਕੀਰ ਦੀ ਪਿਆਸੀ ਆਤਮਾ ਅਜ ਤੀਕ ਕੁਝ ਭਾਲਦੀ ਫਿਰੀ ਸੀ, ਪਰ ਅਭਮਾਨ ਨੇ ਕਦੇ ਵੀ ਉਸ ਦੇ ਹਿਰਦੇ ਦੀ ਕਲੀ ਨੂੰ ਖਿੜਨ ਨਹੀਂ ਸੀ ਦਿਤਾ । ਜਿਉਂ ੨ ਉਸ ਦੀ ਉਮਰ ਵਿਚ ਵਾਧਾ ਹੁੰਦਾ ਜਾਂਦਾ ਸੀ ਤਿਉਂ ੨ ਨਿਰਾਸਤਾ ਵੀ ਵਧਦੀ ਜਾਂਦੀ ਸੀ ਤੇ ਇਸੇ ਦਾ ਦਾ ਫਲ ਰੂਪ ਉਸ ਦੇ ਅੰਦਰ ਸੜਨ ਜਹੀ ਹੁੰਦੀ ਰਹਿੰਦੀ ਸੀ–ਕਦੇ ਵੀ ਉਸ ਦਾ ਮਨ ਸ਼ਾਂਤ ਨਹੀਂ ਸੀ ਹੁੰਦਾ, ਨਾ ਹੀ ਕੁਝ ਚੰਗਾ ਲਗਦਾ ਸੀ ।

ਆਪਣੀ ਸਖ਼ਤ ਕਲਾਮੀ ਉਤੇ ਸ਼ਰਮਿੰਦਾ ਹੋ ਕੇ ਫ਼ਕੀਰ ਭੁਇੰ ਵਲ ਤਕਣ ਲਗ ਪਿਆ ।

ਦੀਨ ਦੁਨੀ ਦੇ ਵਾਲੀ ਨੇ ਉਸ ਦੇ ਮੋਢੇ ਤੇ ਹਥ ਰਖ ਕੇ ਫ਼ਰਮਾਇਆ–"ਫਰੀਦ ਜੀ, ਨਿਰਾਸ ਹੋਣ ਦੀ ਲੋੜ ਨਹੀਂ। ਉਸ ਦੇ ਘਰ ਸਭ ਕੁਝ ਹੈ । ਪਰ ਇਹ ਖ਼ੁਦੀ ਤਕੱਬਰ ਦੀ ਅਗ ਜੇਹੜੀ ਮਨੁਖ ਦੇ ਅੰਦਰ ਲਟ ਲਟ ਬਲ ਰਹੀ ਹੈ, ਜਦ ਤੋੜੀ ਇਸ ਨੂੰ ਨਾ ਬੁਝਾਇਆ ਜਾਵੇ ਤਦ ਤੀਕ ਰਬ ਦੇ ਦੀਦਾਰ ਨਹੀਂ ਹੋ ਸਕਦੇ ।"

ਫ਼ਕੀਰ ਦੀਆਂ ਅਖਾਂ ਵਿਚ ਪਛਤਾਵੇ ਦੇ ਹੰਝੂ ਸਨ । ਉਹ ਨਿਮਰਤਾ ਨਾਲ ਕਹਿਣ ਲਗਾ–"ਇਸੇ ਅਗ ਨੂੰ ਬੁਝਾਉਣ ਲਈ ਮੈਂ ਲਭਦਾ ਫਿਰਦਾ ਸਾਂ ਕੋਈ ਆਬ-ਹਯਾਤ ਦਾ ਚਸ਼ਮਾ, ਪਰ ਮੇਰੀ ਮੁਰਾਦ ਅਜ ਤਕ ਪੂਰੀ ਨਾ ਹੋਈ । ਫਕੀਰੀ ਦੀ ਲਟਕ ਲਗੀ ਸੀ, ਬਾਣਾ ਧਾਰ ਲਿਆ, ਪਰ ਅੰਦਰ ਅਜੇ ਤੀਕ ਸਖਣਾ ਤੇ ਹਨੇਰਾ ਪਿਆ

Digitized by Panjab Digital Library | www.panjabdigilib.org

ਏ। ਬਥੇਰੀਆਂ ਘਾਲਣਾਂ ਘਾਲੀਆਂ, ਪਰ ਕੁਝ ਨ ਬਣਿਆ। ਪਰ ਤੁਸੀਂ ਕਹਿੰਦੇ ਹੋ, ਰਬ ਨੂੰ ਉਸ ਦੇ ਅਸਲੀ ਘਰ ਵਿਚੋਂ—ਕੇਹੜਾ ਉਸ ਦਾ ਅਸਲੀ ਘਰ ? ਮੱਕਾ ਮਦੀਨਾ ? ਪਰ ਮੈਂ ਤਾਂ ਕਈ ਵਾਰੀ ਹੱਜ ਕਰ ਚੁਕਾ ਹਾਂ। ਮੇਰੀ ਕੋਈ ਮੇਹਨਤ ਕਬੂਲ ਨਾ ਪਈ। ਨਾ ਅਗੇ ਜੋਗਾ ਰਿਹਾ ਨਾ ਪਿਛੇ ਜੋਗਾ। ਦੀਨ ਤੇ ਦੁਨੀਆਂ, ਦੋਹਾਂ ਦੇ ਬੂਹੇ ਮੇਰੇ ਲਈ ਵਜੇ ਹੋਏ ਨੇ।"

ਬਾਬੇ ਨੇ ਹਸ ਕੇ ਕਿਹਾ—"ਸਾਈਂ ਜੀ, ਸਭ ਭੁਲੇਖੇ ਹਨ। ਸਾਰੇ ਜਪ ਤਪ ਤੇ ਮਕੇ ਕਾਂਸ਼ੀ ਦੇ ਰਟਨ ਫ਼ਜ਼ੂਲ ਹਨ, ਜੇ ਮਨੁਖ ਨੇ ਆਪਣੇ ਆਪ ਨੂੰ ਨਹੀਂ ਪਛਾਤਾ। ਜਿਸ ਨੂੰ ਅੰਦਰੋਂ ਕੁਝ ਨਹੀਂ ਲਭਾ, ਉਸ ਨੂੰ ਬਾਹਰੋਂ ਕਦੇ ਕੁਝ ਨਹੀਂ ਲਭ ਸਕਦਾ। ਰਬ ਦਾ ਘਰ, ਨਾ ਮੱਕਾ ਹੈ, ਨਾ ਕਾਂਸ਼ੀ ਤੇ ਨਾ ਹੀ ਕੋਈ ਹੋਰ ਤੀਰਥ ਅਸ-ਥਾਨ। ਰਬ ਦਾ ਘਰ ਹੈ ਮਨੁਖ ਦਾ ਹਿਰਦਾ। ਉਸੇ ਵਿਚ ਰਬ ਦਾ ਵਾਸਾ ਹੈ ਤੇ ਉਥੋਂ ਹੀ ਉਸ ਦਾ ਦੀਦਾਰ ਹੁੰਦਾ ਹੈ।"

"ਮਨੁਖ ਦਾ ਹਿਰਦਾ ?" ਫਕੀਰ ਨੇ ਹੈਰਾਨ ਹੋ ਕੇ ਪੁਛਿਆ—"ਤਾਂ ਤੁਹਾਡੇ ਖਿਆਲ ਵਿਚ ਪੀਰਾਂ ਦਸਤਗੀਰਾਂ ਤੇ ਵਡੇ ੨ ਔਲੀਆਵਾਂ ਦੇ ਕਲਾਮ ਫ਼ਜ਼ੂਲ ਨੇ ?"

"ਫ਼ਜ਼ੂਲ ਨਹੀਂ, ਹਰਫ਼ ੨ ਸਚ ਨੇ ਤੇ ਉਨ੍ਹਾਂ ਦਾ ਵੀ ਇਹੋ ਹੀ ਕਹਿਣਾ ਹੈ ਕਿ ਖ਼ਾਲਕ ਦਾ ਵਾਧਾ ਆਪਣੀ ਖ਼ਲਕ ਵਿਚ ਹੈ।"

"ਤਾਂ ਫਿਰ ਲੋਕੀਂ ਤੀਰਥਾਂ ਤੇ ਕਿਉਂ ਭੌਂਦੇ ਤੇ ਜੰਗਲਾਂ ਵਿਚ ਕਿਉਂ ਖਜਲ ਹੁੰਦੇ ਹਨ ?"

Digitized by Panjab Digital Library | www.panjabdigilib.org

"ਇਸੇ ਕਰਕੇ ਕਿ ਉਨ੍ਹਾਂ ਨੂੰ ਕਿਸੇ ਨੇ ਇਹ ਗੁਝਾ ਰਾਜ਼ ਸਮਝਾਇਆ ਨਹੀਂ।"

"ਮੰਨ ਲਿਆ ਕਿ ਰਬ ਦਾ ਵਾਸਾ ਖ਼ਲਕ ਵਿਚ ਹੈ, ਪਰ ਉਥੋਂ ਰਬ ਸਾਨੂੰ ਦਿਸਦਾ ਕਿਉਂ ਨਹੀਂ ?"

"ਉਸ ਦੇ ਵਾਸਤੇ ਇਕ ਸਾਧਨ ਦੀ ਲੋੜ ਹੈ।"

"ਕੀ ਸਾਧਨ ?"

"ਪਿਆਰ, ਸਿਰਫ ਪਿਆਰ ! ਮਨੁਖ ਮਾਤਰ ਨਾਲ, ਉਚੇ ਨੀਵੇਂ, ਗਰੀਬ ਅਮੀਰ, ਨੇਕ ਤੇ ਗੁਨਾਹਗਾਰ, ਸਭ ਨਾਲ ਪਿਆਰ। ਬਸ ਇਹੋ ਸਾਧਨ ਹੈ ਰਬ ਨੂੰ ਪਰਤੱਖ ਰੂਪ ਵਿਚ ਵੇਖਣ ਦਾ।"

"ਪਰ ਜੇਹੜਾ ਗੁਨਾਹਗਾਰ ਹੈ, ਜੇਹੜਾ ਸਾਡੇ ਸਾਹਮਣੇ ਦਿਨ ਰਾਤ ਬਦੀਆਂ ਦੀ ਪੰਡ ਸਿਰ ਤੇ ਚੁਕੀ ਫਿਰਦਾ ਹੈ ਤੇ ਗੁਨਾਹਾਂ ਦੀ ਗੰਦੀ ਜ਼ਿੰਦਗੀ ਵਿਚ ਸੜ ਰਿਹਾ ਹੈ, ਉਸ ਨਾਲ ਅਸੀਂ ਕਿਵੇਂ ਪਿਆਰ ਕਰ ਸਕਦੇ ਹਾਂ। ਉਸ ਨੂੰ ਵੇਖ ਕੇ ਤਾਂ ਬਦੋਬਦੀ ਨਫ਼ਰਤ ਹੋ ਆਉਂਦੀ ਹੈ।"

"ਨਹੀਂ, ਉਸ ਨੂੰ ਵੇਖ ਕੇ ਇਕ ਰਬ ਦੇ ਢੂੰਡਾਊ ਨੂੰ ਵਧੇਰੇ ਪਿਆਰ ਪੈਦਾ ਹੁੰਦਾ ਹੈ ਤੇ ਉਸ ਨੂੰ ਪਿਆਰ ਕੀਤਿਆਂ ਰਬ ਦਾ ਸਾਖ਼ਿਆਤ ਦਰਸ਼ਨ ਹੁੰਦਾ ਹੈ।

"ਕਿਉਂ ?"

"ਇਸ ਲਈ, ਕਿ ਉਸ ਦੀ ਹਾਲਤ ਆਮ ਲੋਕਾਂ ਨਾਲੋਂ ਵਧੇਰੇ ਤਰਸ-ਜੋਗ ਹੈ"

"ਪਰ ਸਾਡੇ ਪਿਆਰ ਕਰਨ ਨਾਲ ਅਜੇਹੇ ਮਨੁਖ ਨੂੰ ਕੀ ਫ਼ੈਜ਼ ਹੋਵੇਗਾ ?"

Digitized by Panjab Digital Library | www.panjabdigilib.org

"ਅਜੇਹੇ ਆਦਮੀ ਨੂੰ ਜਿਸ ਨੂੰ ਕੋਈ ਪਿਆਰ ਨਹੀਂ ਕਰਦਾ, ਜਿਸ ਨੂੰ ਸਾਰੀ ਦੁਨੀਆਂ ਨਫ਼ਰਤ ਕਰਦੀ ਤੇ ਦੁਰਕਾਰਦੀ ਹੈ, ਜੇਹੜਾ ਉਚੀ ਜਾਤ ਵਾਲਿਆਂ ਲਈ ਹਕੀਰ ਹੈ, ਜਿਸ ਦੇ ਕੰਨ, ਪਿਆਰ ਦਾ ਨਿਕਾ ਜਿਹਾ ਵਾਕ ਸੁਣਨ ਲਈ ਸਧਰਾਏ ਰਹਿੰਦੇ ਹਨ, ਸਮਝ ਲਵੇ ਉਹੋ ਈ ਥਾਂ ਹੈ, ਜਿਥੇ ਰਬ ਦਾ ਅਸਲੀ ਮੰਦਰ ਹੈ। ਉਸ ਨੂੰ ਪਿਆਰ ਕੀਤਿਆਂ ਉਹ ਕੁਝ ਮਿਲਦਾ ਹੈ, ਜੋ ਕਿਸੇ ਜਗਿਆਸੂ ਨੂੰ ਕਈਆਂ ਜਨਮਾਂ ਵਿਚ ਨਹੀਂ ਮਿਲ ਸਕਦਾ। ਸਾਈਂ ਜੀ, ਪਿਆਰ—ਸਚਾ ਪਿਆਰ ਉਹ ਜਾਦੂ ਹੈ, ਜਿਸ ਨਾਲ ਰਬ ਨੂੰ ਮੁਠੀ ਵਿਚ ਕਾਬੂ ਕੀਤਾ ਜਾ ਸਕਦਾ ਹੈ। ਪਿਆਰ ਵਿਚ ਰਬ ਵਸਦਾ ਹੈ ਤੇ ਰਬ ਵਿਚ ਪਿਆਰ ਵਸਦਾ ਹੈ।

ਸਤਗੁਰ ਜੀ ਦੇ ਅਗੰਮੀ ਵਾਕਾਂ ਨੇ ਫ਼ਕੀਰ ਉਤੇ ਅਨੋਖਾ ਅਸਰ ਕੀਤਾ, ਉਹ ਨਸ਼ੇ ਦੀ ਹਾਲਤ ਵਿਚ ਸੀ। ਕੋਲ ਬੈਠੇ ਸਰੋਤੇ ਵੀ ਖੀਵੇ ਹੋ ਗਏ। ਸਭ ਦੀਆਂ ਅਖਾਂ ਬੰਦ ਸਨ। ਕਿਸੇ ਨੂੰ ਕੋਈ ਸੁਧ ਨਹੀਂ ਸੀ ਕਿ ਦੋ ਜਹਾਨ ਵਾਲੀ ਬੋਲਦੇ ੨ ਕੇਹੜੇ ਵੇਲੇ ਪਿਆਰ-ਅੰਮ੍ਰਤ ਦੇ ਸੁਆਦ ਵਿਚ ਨਿਮਗਨ ਹੋ ਗਏ, ਕੇਹੜੇ ਵੇਲੇ ਮਰਦਾਨੇ ਨੇ ਰਬਾਬ ਦੀਆਂ ਤਾਰਾਂ ਸੁਰ ਕੀਤੀਆਂ ਤੇ ਕਦੋਂ ਇਕ ਪਿਆਰ ਤੇ ਵੈਰਾਗ ਭਰੀ ਲੈ ਵਿਚ ਇਹ ਸ਼ਬਦ ਗੂੰਜ ਉਠਿਆ—

## ਤਿਲੰਗ ਮਹਲਾ ੧

ਮੋਰੀਂ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥
ਤੇਰੇ ਮੁੰਧ ਕਟਾਰੇ ਜੇ ਵਡੇ ਤਿਸ ਲੋਭੀ ਲੋਭ

Digitized by Panjab Digital Library | www.panjabdigilib.org

ਲੁਭਾਇਆ ॥ ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮੁ ਵਿਟੋ ਕੁਰਬਾਣੋ ॥ ਜਾਂ ਤੂ ਤਾਂ ਮੈ ਮਾਣੁ ਕੀਆ ਹੈ ਤੁਧ ਬਿਨੁ ਕਿਆ ਮੇਰਾ ਮਾਣੋ ॥ ਚੂੜਾ ਭੰਨ ਪਲੰਘ ਸਿਉ ਮੁੰਧੇ ਸਣ ਬਾਹੀ ਸਣ ਬਾਹੁ ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹੁ ॥ ਨਾ ਮਨੀਆਰ ਨ ਚੂੜੀਆ ਨਾ ਸੇ ਵੰਗੁੜੀਆਹ ॥ ਜੋ ਸਹਿ ਕੰਠਿ ਨ ਲਗੀਆ ਜਲਨ ਸਿ ਬਾਹੜੀਆਹੁ ॥ ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥ ਅੰਮਾਲੀ ਹਉ ਖਰੀ ਸੁਚੱਜੀ ਤੈ ਸਹਿ ਇਕੁ ਨ ਭਾਵਾ ॥ ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ ॥ ਅਗੈ ਗਈ ਨ ਮੰਨੀਆ ਮਰਉ ਵਿਸੂਰ ਵਿਸੂਰੇ ॥ ਮੈ ਰੋਵੰਦੀ ਸਭੁ ਜਗ ਰੁਨਾ ਰੁੰਨੜੇ ਵਣਹੁ ਪੰਖੇਰੂ ॥ ਇਕ ਨ ਰੁੰਨਾ ਮੇਰੇ ਤਨ ਕਾ ਬਿਰਹਾ ਜਿਨ ਹਉ ਪਿਰਹੁ ਵਿਛੋੜੀ॥ ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥ ਆਇ ਨਾ ਸਕਾ ਤੁਝ ਕਨ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸੁਭਾਗੀ ਨੀਂਦੜੀਏ ਮਤ ਸਹੁ ਵੇਖਾ ਸੋਇ ॥ ਤੈ ਸਾਹਿਬ ਕੀ ਬਾਤ ਜੁ ਆਖੈ ਕਹੁ ਨਾਨਕ ਕਿਆ ਦੀਜੈ ॥ ਸੀਸੁ ਵਢੇ ਕਰਿ ਬੈਸਣ ਦੀਜੈ ਵਿਣੁ ਸਿਰ ਸੇਵ ਕਰੀਜੈ ॥ ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥

ਸ਼ਬਦ ਦੀ ਅਰਸ਼ੀ ਘਨਘੋਰ ਸੁਣ ਕੇ ਅਕਾਸ਼ ਵਿਚ ਬਿਖਰੇ ਫਿਰਦੇ ਬਦਲ ਵੀ ਕਿਸੇ ਅਗੰਮੀ ਖਿਚ ਦੇ ਖਿਚੇ

Digitized by Panjab Digital Library | www.panjabdigilib.org

ਹੋਏ ਸਿਰ ਤੇ ਆਕੇ ਦੀਵਾਨੀ ਹਾਲਤ ਵਿਚ ਮੰਡਲਾਉਣ ਲਗੇ, ਰੁਮਕ ਰਹੀ ਹਵਾ ਦੀਆਂ ਲਹਿਰਾਂ ਵਿਚੋਂ ਪਿਆਰ-ਸੰਗੀਤ ਦੀ ਮਧੁਰਤਾ ਗੂੰਜਣ ਲਗੀ, ਚੜ੍ਹਦੇ ਸੂਰਜ ਦੀ ਸੋਨਾ ਪੰਘਾਰਦੀ ਲਾਲੀ ਵਿਚ ਮਾਨੋ ਰਬੀ ਪਿਆਰ ਦੀ ਤਸਵੀਰ ਉਕਰੀ ਗਈ, ਚਾਰੇ ਕੂੰਟਾਂ ਪਿਆਰ ਦੇ ਹੀ ਤਰਾਨੇ ਗਾ ਰਹੀਆਂ ਸਨ, ਲਹਿਰਾਉਂਦੀਆਂ ਖੇਤੀਆਂ ਵੀ ਇਸ ਅਨੂਠੇ ਰਸ ਨੂੰ ਮਾਣਦੀਆਂ ਹੋਈਆਂ ਝੂਮ ਰਹੀਆਂ ਸਨ। ਕੁਦਰਤ ਦੇ ਪੱਤੇ ਪੱਤੇ ਵਿਚ—ਜ਼ੱਰੇ ਜ਼ੱਰੇ ਵਿਚ ਰਬੀ ਪਿਆਰ ਦਾ ਬਿਰਹਾ ਥਰਥਰਾ ਰਿਹਾ ਸੀ।

ਫਕੀਰ ਸਣੇ ਸਭ ਸ੍ਰੋਤੇ ਮਤਵਾਲੇ ਹੋ ਗਏ।

ਅਚਾਨਕ ਹੀ—ਇਕ ਦੰਮ ਹੀ ਸਭ ਸੁਰਤਾਂ ਉਖੜ ਗਈਆਂ, ਜਦ ਉਨ੍ਹਾਂ ਦੇ ਕੰਨੀ ਇਹ ਅਵਾਜ ਪਈ— "ਮਰਦਾਨਿਆ! ਰਬਾਬ ਬੰਦ ਕਰ। ਦਿਲ ਨੂੰ ਕੋਈ ਧੂਹ ਪੈ ਰਹੀ ਹੈ। ਕਿਸੇ ਵਿਛੜੀ ਰੂਹ ਦੀ ਪ੍ਰੇਮ ਕੁੰਡੀ, ਦਿਲੇ ਨੂੰ ਖਿਚੀ ਲਈ ਜਾਂਦੀ ਹੈ। ਮਰਦਾਨਿਆ, ਛੇਤੀ ਰਬਾਬ ਬੰਦ ਕਰ। ਉਠ ਭਾਈ ਬਾਲਾ, ਤਿਆਰ ਹੋ ਝਬ ਚਲੀਏ। ਮਤਾਂ ਪਿਆਰ-ਜਲ ਖੁਣੋਂ ਮੁਰਝਾਈ ਖੇਤੀ, ਬ੍ਰਿਹੋਂ ਦੇ ਸੋਕੜੇ ਨਾਲ ਜੜ੍ਹੋਂ ਹੀ ਨਾ ਸੁਕ ਜਾਵੇ"

ਸਭਨਾਂ ਦਾ ਸੁਰਗ ਅਲੋਪ ਹੋ ਗਿਆ। ਅਨੰਦ ਤੇ ਪਿਆਰ ਦੀਆਂ ਆ ਰਹੀਆਂ ਝੂਮਾਂ ਰੁਕ ਗਈਆਂ, ਦਿਲਾਂ ਵਿਚ ਨੂਰੀ ਜੋਤ, ਜਗਮਗਾਉਂਦੀ ਹੋਈ ਨਿੰਮ੍ਹੀ ਪੈ ਗਈ, ਰਸ ਦੇ ਵਹਿ ਰਹੇ ਸੋਮੇ ਬੰਦ ਹੋਣ ਲਗੇ ਤੇ ਮਨਾਂ ਦੇ ਮੁੰਦੇ ਕੰਵਲ ਖਿੜਦੇ ੨ ਫੇਰ ਰੁਕ ਗਏ।

Digitized by Panjab Digital Library | www.panjabdigilib.org

ਸਾਈਂ ਫਰੀਦ ਨੇ ਅਖਾਂ ਖੋਲ੍ਹੀਆਂ, ਪਰ ਬੜੀ ਮੁਸ਼ਕਲ ਨਾਲ। ਇਨ੍ਹਾਂ ਵਿਚ ਉਹ ਖੁਮਾਰੀ ਸੀ, ਉਹ ਵਸਾਲ ਦੀ ਮਸਤੀ ਸੀ, ਜਿਸ ਦੀ ਪ੍ਰਾਪਤੀ ਉਸ ਨੂੰ ਸਾਰੀ ਜ਼ਿੰਦਗੀ ਵਿਚ ਅਜ ਪਹਿਲੀ ਵੇਰਾਂ ਹੋਈ ਸੀ।

ਪਿਆਰੇ ਦੇ ਦੋਵੇਂ ਚਰਨ ਫੜਕੇ ਬੋਲਿਆ—"ਮੇਰੇ ਵਾਲੀ ! ਇਸ ਆ ਰਹੇ ਸੁਆਦਾਂ ਦੇ ਹੜ੍ਹ ਨੂੰ ਕਿਉਂ ਚਾ ਰੋਕਿਆ ਜੇ ? ਮੈਨੂੰ ਰੁੜ੍ਹ ਜਾਣ ਦੇਂਦੇ ਇਸ ਪਿਆਰ ਦੀ ਕਾਂਗ ਵਿਚ। ਮੇਰੇ ਪਾਤਸ਼ਾਹ ! ਮੈਨੂੰ ਕੀ ਪਤਾ ਤੂੰ ਏਡੀਆਂ ਦਾਤਾਂ ਦਾ ਮਾਲਕ ਹੈਂ। ਤੂੰ ਮੈਨੂੰ ਅਜ ਉਹ ਕੁਝ ਦਿਤਾ— ਉਹ ਕੁਝ ਵਿਖਾਲਿਆ, ਜੇਹੜਾ ਕਦੇ ਨਹੀਂ ਸੀ ਨਸੀਬ ਹੋਇਆ। ਤੇ ਹੈਂ ? ਤੁਸੀਂ ਤੇ ਸਚ ਮੁਚ ਤਿਅਰੀਆਂ ਕਰ ਰਹੇ ਹੋ"

ਰੰਗ ਰਤੇ ਨੈਣਾਂ ਨਾਲ ਫਕੀਰ ਦੀਆਂ ਡਲ੍ਹਕਦੀਆਂ ਅਖਾਂ ਵਿਚ ਤਕ ਕੇ ਪ੍ਰੀਤਮ ਬੋਲੇ—"ਹਾਂ ਸਾਈਂ ਜੀ, ਅਸੀਂ ਜਾਵਾਂਗੇ। ਸਾਨੂੰ ਇਕ ਬਹੁਤ ਜ਼ਰੂਰੀ ਕੰਮ ਆ ਪਿਆ ਹੈ"

"ਪਰ ਸ਼ਹਿਨਸ਼ਾਹ ! ਮੇਰਾ ਬੇੜਾ ਬੰਨੇ ਲਾਏ ਬਿਨਾਂ ਹੀ ? ਮੈਨੂੰ ਤਾਂ ਮਰ ਮਰ ਕੇ ਅਜ ਮਨ ਦੀ ਮੁਰਾਦ ਮਿਲੀ ਸੀ"

"ਫਿਕਰ ਨਾ ਕਰੋ ਸਾਂਈਂ ਜੀ, ਤੁਹਾਨੂੰ ਤੋਟ ਨਹੀਂ ਆਵੇਗੀ। ਜਦ ਤੀਕ ਤੁਸੀਂ ਮਨੁਖ ਮਾਤਰ ਦੇ ਪਿਆਰ ਤੇ ਸੇਵਾ ਦੇ ਫ਼ਰਜ਼ ਨੂੰ ਨਹੀਂ ਭੁਲੋਗੇ, ਤਦ ਤੀਕ ਤੁਹਾਨੂੰ ਏਦੂੰ ਵੀ ਵਧ ਚੜ੍ਹ ਕੇ ਰੂਹਾਨੀ ਰਸ ਆਉਂਦਾ ਰਹੇਗਾ। ਕਦੇ

Digitized by Panjab Digital Library | www.panjabdigilib.org

ਤ੍ਰੋਟ ਨਹੀਂ ਆਵੇਗੀ। ਅਜ ਤੋਂ ਤੁਸੀਂ* ਇਥੇ ਹੀ ਨਿਵਾਸ ਰਖੋ।"

"ਤੇ ਜੇ ਕੁਝ ਦਿਨ ਹੋਰ ਇਸ ਨਾਚੀਜ਼ ਬੰਦੇ ਨੂੰ ਆਪਣੀਆਂ ਬਖ਼ਸ਼ਸ਼ਾਂ ਨਾਲ ਮਾਲਾ ਮਾਲ ਕਰ ਜਾਓ ਤਾਂ ਕੀ ਗਲ ਹੈ"

"ਅਸੀਂ ਸਾਈਂ ਜੀ ਜਰੂਰ ਟਿਕੇ ਰਹਿੰਦੇ, ਜੇ ਸਾਨੂੰ ਪਿਛੇ ਦਾ ਇਕ ਡਾਢਾ ਜਰੂਰੀ ਕੰਮ ਨ ਆ ਪੈਂਦਾ"

"ਪਰ ਹੁਣੇ ਬੈਠਿਆਂ ੨ ਕਿਵੇਂ ਚੇਤਾ ਆ ਗਿਆ ਹਜ਼ੂਰ ਨੂੰ ?"

"ਕਿਸੇ ਦੀ ਰੂਹ ਸਾਡੇ ਲਈ ਭਟਕ ਰਹੀ ਹੈ"

"ਕੌਣ ਹੈ ਉਹ ਏਡਾ ਭਾਗਾਂ ਵਾਲਾ, ਜਿਸ ਨੇ ਦਿਲ ਦੀ ਤਾਰ ਦੁਆਰਾ ਤੁਹਾਨੂੰ ਖਿਚ ਆ ਪਾਈ ਹੈ ?"

'ਸਾਡੇ ਪਿੰਡ ਦਾ ਮੁਖੀ ਰਾਇਬੁਲਾਰ ਇਸ ਵੇਲੇ ਪਰਲੋਕ ਦੀ ਤਿਆਰੀ ਵਿਚ ਹੈ ਤੇ ਸਾਨੂੰ ਬੜੀ ਬੇਵਸੀ ਤੇ ਕਾਹਲੀ

---

*ਇਹ ਫਰੀਦ, ਉਹ ਸ਼ੇਖ ਫਰੀਦ ਨਹੀਂ ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ, ਸਗੋਂ ਇਹ ਇਕ ਹੋਰ ਹੀ ਮੁਸਲਮਾਨ ਫ਼ਕੀਰ ਸੀ। ਜਿਸ ਟਾਹਲੀ ਹੇਠ ਬੈਠ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਇਸ ਦਾ ਮੇਲ ਹੋਇਆ ਸੀ ਉਥੇ ਹੁਣ ਵੀ ਉਹ ਟਾਹਲੀ ਉਸੇ ਝੰਗੀ ਵਿਚ ਮੌਜੂਦ ਹੈ। ਉਸ ਸਮੇਂ ਤੋਂ ਉਸ ਪਿੰਡ ਦਾ ਨਾਂ ਵੀ ਫਰੀਦ ਦੇ ਨਾਂ ਤੇ 'ਫਰੀਦ ਵਾਲਾ' ਪੈ ਗਿਆ। ਰਾਵੀ ਤੇ ਝਨੱਾਂ, ਦੋਵੇਂ ਇਸ ਪਿੰਡ ਤੋਂ ਨੇੜੇ ਹਨ।

(ਤਵਾਰੀਖ਼ ਖ਼ਾਲਸਾ ਹਿਸਾ ੧)

Digitized by Panjab Digital Library | www.panjabdigilib.org

ਨਾਲ ਉਡੀਕ ਰਿਹਾ ਹੈ।"

ਜਿੰਨੀ ਸੰਗਤ ਬੈਠੀ ਸੀ, ਸਾਰੀ ਸਤਿਗੁਰੂ ਦੇ ਚਰਨਾਂ ਤੇ ਆ ਡਿਗੀ ਤੇ ਰਹਿਣ ਲਈ ਵਾਸਤੇ ਪਾਉਣ ਲਗੀ, ਪਰ ਅੰਤਰਜਾਮੀ ਗੁਰੂ ਦੀ ਤੀਬਰ ਇਛਾ ਅਗੇ ਉਨ੍ਹਾਂ ਨੂੰ ਹਾਰਨਾ ਪਿਆ।

ਸਭ ਚਰਨੀ ਡਿਗਿਆਂ ਨੂੰ ਪਿਆਰ ਨਾਲ ਗਲੇ ਲਾਕੇ ਸਤਿਗੁਰੂ ਜੀ ਭਾਈ ਬਾਲੇ ਤੇ ਮਰਦਾਨੇ ਸਣੇ ਉਥੋਂ ਉਠ ਤੁਰੇ। ਦੂਰ ਤੋੜੀ ਫਕੀਰ ਸਣੇ ਸਭ ਲੋਕੀ ਆਪ ਦੇ ਨਾਲ ਗਏ ਤੇ ਅੰਤ ਪ੍ਰੇਮ-ਹੰਝੂਆਂ ਨਾਲ ਵਾਪਸ ਮੁੜੇ।

## ੪.

ਸਿਕਦਿਆਂ, ਤੜਪਦਿਆਂ ਤੇ ਅਖਾਂ ਤੋਂ ਨੀਰ ਵਹਾਦਿਆਂ ਰੋਗੀ ਰਾਇ ਬੁਲਾਰ ਨੇ ਕਈ ਦਿਨ ਤੇ ਕਈ ਰਾਤਾਂ ਬਿਤਾ ਦਿਤੀਆਂ। ਦੂਰ ਦੁਰਾਡਿਆਂ ਤੋਂ ਆਕੇ ਕਈਆਂ ਵੈਦਾਂ ਹਕੀਮਾਂ ਨੇ ਦੁਆ ਦਾਰੂ ਕੀਤੇ, ਪਰ ਕੁਝ ਵੀ ਫਰਕ ਨਾ ਪਿਆ।

ਅੰਤ ਜੀਵਨ-ਚਿਨ੍ਹ ਧੁੰਦਲੇ ਹੋਣ ਲਗੇ ਤੇ ਨਿਰਾਸਤਾ ਦੇ ਕਾਲੇ ਬਦਲਾਂ ਨੇ ਉਸ ਦੀਆਂ ਸਧਰਾਂ ਨੂੰ ਹੌਲੀ ੨ ਢਕਣਾ ਸ਼ੁਰੂ ਕਰ ਦਿਤਾ।

ਅਜ ਸਵੇਰ ਤੋਂ ਰੋਗੀ ਦੀ ਤਬੀਅਤ ਕੁਝ ਸੁਧਰੀ ਹੋਈ ਜਾਪਦੀ ਹੈ, ਪਰ ਓਸੇ ਤਰ੍ਹਾਂ, ਜਿਕਣ ਝਖੜ ਹਨੇਰੀ ਆਉਣ ਤੋਂ ਪਹਿਲਾਂ ਹਵਾ ਦਾ ਰੁਖ਼ ਪੂਰਨ ਸ਼ਾਂਤ ਹੋ ਜਾਂਦਾ ਹੈ।

Digitized by Panjab Digital Library | www.panjabdigilib.org

ਮੰਜੇ ਤੇ ਪਿਆ ੨ ਰੋਗੀ ਘੜੀ ਮੁੜੀ ਅਖਾਂ ਖੋਲ੍ਹ ਕੇ ਚੁਪਾਸੀ ਨਜ਼ਰ ਦੁੜਾਂਦਾ ਹੈ, ਪਰ ਉਸ ਦੀ ਕਮਜ਼ੋਰ ਨਜ਼ਰ ਹਰ ਪਾਸਿਓਂ ਨਿਰਾਸਤਾ ਦਾ ਸੁਨੇਹਾ ਲੈ ਕੇ ਮੁੜਦੀ ਹੈ।

ਰਾਇਬੁਲਾਰ ਦਾ ਇਕਲੌਤਾ ਲੜਕਾ ਪਾਸ ਬੈਠਾ ਘੜੀ ਮੁੜੀ ਪੁਛਦਾ ਹੈ-"ਚਾਚਾ ! ਅਜ ਕਿਉਂ ਪਿਆ ਉਭੇ ਸਾਹ ਲੈਨਾ ਏਂ ? ਅੱਲਾ ਵਲ ਧਿਆਨ ਕਰ"

ਆਪਣੇ ਪੀਲੇ ਚੇਹਰੇ ਉਤੇ ਔਖੀ ਜਹੀ ਮੁਸਕਰਾਹਟ ਲਿਆ ਕੇ ਰੋਗੀ ਨੇ ਉੱਤਰ ਦਿਤਾ-"ਅਜ ਮੇਰਾ ਨਾਨਕ ਆਵੇਗਾ ? ਮੇਰਾ ਦਿਲ ਪਿਆ ਕਹਿੰਦਾ ਏ ਅਜ ਸਰਪਰ ਆਵੇਗਾ। ਤਾਹੀਏਂ ਅੰਦਰੇ ਨੂੰ ਖੋਹ ਜਹੀ ਪੈਂਦੀ ਏ ਘੜੀ ਮੁੜੀ। ਫਜਿਆ ! ਮੁੜ ਇਕ ਵਾਰੀ ਵੇਖ ਖਾਂ ਜਾਕੇ ਬਾਹਰ। ਉਹ ਤੁਰਿਆ ਔਂਦਾ ਹੋਵੇਗਾ। ਮੇਰਾ ਦਿਲ ਪਿਆ ਸ਼ਾਹਦੀ ਦੇਂਦਾ ਏ"

"ਫਿਰ ਓਹੀਓ ਬਕੜਵਾਹ" ਗਭਰੂ ਨੇ ਕ੍ਰੋਧ ਤੇ ਤ੍ਰਿਸਕਾਰ ਰਲਵੇਂ ਪਿਆਰ ਨਾਲ ਕਿਹਾ-"ਚਾਚਾ, ਤੂੰ ਕਿਉਂ ਹਰ ਵੇਲੇ ਉਸੇ ਦੇ ਨਾਂ ਦੀ ਤਸਬੀ ਫੇਰਨ ਡਿਹਾ ਹੋਇਆ ਏਂ। ਖੌਰੇ ਕੇਹੜੇ ਦੇਸੀਂ ਫਿਰਦਾ ਹੋਵੇਗਾ। ਕੋਈ ਥਹੁ ਪਤਾ ਹੁੰਦਾ ਤਾਂ ਮੈਂ ਆਪ ਜਾਕੇ ਓਹਨੂੰ ਸਦ ਲਿਆਉਂਦਾ, ਪਰ.........."

ਵਿਚੋਂ ਹੀ ਰਾਇਬੁਲਾਰ ਕਾਹਲਾ ਹੋਕੇ ਬੋਲਿਆ- "ਭਾਵੇਂ ਸਤਾਂ ਵਲੈਤਾਂ ਤੋਂ ਪਾਰ ਹੋਵੇ, ਉਹ ਜ਼ਰੂਰ ਆਵੇਗਾ। ਮੇਰੇ ਨਾਲ ਉਸ ਦਾ ਕਰਾਰ ਜੁ ਸੀ। ਤੂੰ ਜਾਹ ਤੇ ਸਹੀ। ਮੇਰੇ ਦਿਲ ਦੀ ਤਾਰ ਓਹਨੂੰ ਖਿਚ ਲਿਆਵੇਗੀ ਭਾਵੇਂ

Digitized by Panjab Digital Library | www.panjabdigilib.org

ਕਿਤੇ ਵੀ ਹੋਵੇ । ਜੇ ਅਜ ਨ ਆਇਆ ਤਾਂ ਫੇਰ ਕਿਆਮਤ ਤਕ................"

ਗਲ ਉਸ ਦੇ ਮੂੰਹ ਵਿਚ ਹੀ ਸੀ, ਕਿ ਵੇਹੜੇ ਦਾ ਬੂਹਾ ਖੁਲ੍ਹਿਆ। ਇਹ ਇਕ ਹਸੂੰ ੨ ਕਰਦਾ ਰੰਗ ਰਤਾ ਚੇਹਰਾ ਤੇ ਮਸਤ ਨੈਣ ਸਨ, ਜਿਨ੍ਹਾਂ ਦੀਆਂ ਨੂਰੀ ਰਿਸ਼ਮਾਂ ਨਾਲ ਸਾਰਾ ਵੇਹੜਾ ਜਗਮਗ ੨ ਕਰਨ ਲਗਾ । ਮਾਨੋ ਅਰਸ਼ਾਂ ਤੋਂ ਕੋਈ ਖੇੜਾ ਉਤਰ ਆਇਆ, ਜਿਸ ਦੀ ਰੂਹਾਨੀ ਵਾਸ਼ਨਾ ਨਾਲ ਧਰਤੀ ਦਾ ਕਿਣਕਾ ੨ ਮਹਿਕ ਉਠਿਆ।

ਦੂਜੇ ਹੀ ਪੱਲ ਅਰਸ਼ਾਂ ਦਾ ਵਾਲੀ, ਬੁਢੇ ਰਾਇ-ਬੁਲਾਰ ਦੇ ਸੀਨੇ ਨਾਲ ਸੀ।

ਆਪਣੀਆਂ ਦੋਂਹ ਕਮਜ਼ੋਰ ਬਾਹਾਂ ਵਿਚ ਸਾਰੇ ਬ੍ਰਹਿਮੰਡ ਦੀ ਰੂਹ ਨੂੰ ਲਪੇਟਕੇ–ਪਿਆਰ ਦੇ ਮੁਜੱਸਮ ਦੇਵਤੇ ਨੂੰ ਕਲੇਜੇ ਨਾਲ ਲਾਕੇ ਰਾਇਬੁਲਾਰ ਸਭ ਕੁਝ ਭੁਲ ਗਿਆ । ਅਦਬ ਅਦਾਬ, ਸਭਯਤਾ ਤੇ ਰਹਿਣੀ ਬਹਿਣੀ ਆਦ ਸੰਸਾਰੀ ਚੀਜ਼ਾਂ ਉਸ ਥਾਂ ਤੋਂ ਬਹੁਤ ਪਿਛੇ ਰਹਿ ਗਈਆਂ, ਜਿਸ ਮੰਡਲ ਉਤੇ ਰਾਇਬੁਲ਼ਾਰ ਇਸ ਵੇਲੇ ਉੱਡ ਰਿਹਾ ਸੀ।

ਉਸ ਦੀਆਂ ਅਖਾਂ ਬੰਦ ਸਨ, ਪਰ ਹਿਰਦੇ ਵਿਚ ਉਹ ਚਾਨਣ ਸੀ, ਉਹ ਠਰੂਰ ਸੀ, ਨਾੜ ਨਾੜ ਤੇ ਰੋਮ ਰੋਮ ਵਿਚ ਉਹ ਠਰੁੰਮਾ ਤੇ ਉਮਾਹ ਸੀ, ਜਿਸ ਨੇ ਰਾਇ-ਬੁਲਾਰ ਦੀ ਕਾਇਆਂ ਪਲਟ ਦਿਤੀ। ਰਾਇਬੁਲਾਰ–ਜੇਹੜਾ ਲੋਹੇ ਤੋਂ ਸੋਨਾ ਬਣ ਚੁਕਾ ਸੀ ਅਜ ਸੋਨੇ ਤੋਂ ਪਾਰਸ ਬਣ ਗਿਆ।

Digitized by Panjab Digital Library | www.panjabdigilib.org

ਸਾਰੀ ਤਲਵੰਡੀ ਵਿਚ ਕਸਤੂਰੀ ਦੀ ਵਾਸ਼ਨਾ ਵਾਂਗ ਇਹ ਖਬਰ ਫੈਲ ਗਈ। ਹਰ ਇਕ ਦੀ ਜ਼ਬਾਨ ਤੇ ਇਹੋ ਵਾਕ ਸਨ–"ਕਾਲੂ ਪਟਵਾਰੀ ਦਾ ਪੁਤਰ ਤਾਂ ਸਚਮੁਚ ਕੋਈ ਅਵਤਾਰ ਹੈ। ਰਾਇਬੁਲਾਰ ਨੇ ਯਾਦ ਕੀਤਾ ਸੀ ਤੇ ਉਹ ਸਮਰਤੱਖ ਆ ਗਿਆ"

ਵੇਖਦਿਆਂ ੨ ਰਾਇਬੁਲਾਰ ਦੀ ਹਵੇਲੀ ਮਨੁਖਾਂ ਤੀਵੀਆਂ ਨਾਲ ਭਰੀ ਗਈ।

ਜਦ ਦੁਹਾਂ ਦੀ ਗਲੱਕੜੀ ਖੁਲ੍ਹੀ, ਤਾਂ ਰਾਇਬੁਲਾਰ ਨਵਾਂ ਨਰੋਇਆ ਸੀ, ਮਾਨੋ ਉਸ ਨੂੰ ਕਦੇ ਕੋਈ ਦੁਖ ਰੋਗ ਹੈ ਈ ਨਹੀਂ ਸੀ। ਉਸ ਦੀਆਂ ਪ੍ਰੇਮ ਭਿੰਨੀਆਂ ਬੰਦ ਅਖਾਂ ਸੌਣ ਦੀ ਝੜੀ ਲਾ ਰਹੀਆਂ ਸਨ, ਸਿਰ ਝੂਮ ਰਿਹਾ ਸੀ ਤੇ ਬੇਹਬਲ ਗਲੇ ਵਿਚੋਂ ਇਸ ਭਾਵ ਦੇ ਸ਼ਬਦ ਨਿਕਲ ਰਹੇ ਸਨ–

## ਗ਼ਜ਼ਲ

(ਰਾਗ ਭੈਰੋ, ਤਾਲ ਤਲਵਾੜਾ)

ਤਰਜ਼– { ਸੋਹਣੀਆਂ ਅਲਕਾਂ ਵਾਲਿਆ ਮਾਹੀਆ,
ਘਰ ਤਤੜੀ ਦੇ ਆਵੀਂ ਵੇ }

––o––

ਦਿਲ ਦੀਆਂ ਜਾਣਨ ਵਾਲਿਆ ਨਾਨਕ,
ਦਿਲ ਦੀ ਪਿਆਸ ਬੁਝਾਵੀਂ ਵੇ।
ਮਰਹਮ ਲਾ ਕੇ ਜ਼ਖਮ ਮਿਲਾ ਕੇ,
ਬਿਰਹੋਂ ਤੀਰ ਨ ਲਾਵੀਂ ਵੇ।

Digitized by Panjab Digital Library | www.panjabdigilib.org

ਦੋ ਨੈਣਾਂ ਨੇ ਵਿੱਚ ਜੁਦਾਈਆਂ,
ਬਿਨ ਬਦਲਾਂ ਤੋਂ ਝੜੀਆਂ ਲਾਈਆਂ।
ਅਜ ਮੈਂ ਕੁਲ ਮੁਰਾਦਾਂ ਪਾਈਆਂ,
ਫੇਰ ਨ ਔੜਾਂ ਲਾਵੀਂ ਵੇ।

ਦਿਲ ਦੀਆਂ.................।
ਕੀ ਆਖਾਂ ਦਿਨ ਕਿਵੇਂ ਗੁਜ਼ਾਰੇ,
ਰਾਤਾਂ ਕਟੀਆਂ ਗਿਣ ਗਿਣ ਤਾਰੇ।
ਚਲਦੇ ਰਹੇ ਜਿਗਰ ਵਿਚ ਆਰੇ,
ਫੇਰ ਨ ਓਹ ਦਿਨ ਲਯਾਵੀਂ ਵੇ।

ਦਿਲ ਦੀਆਂ.................।
ਮਨ ਮੰਦਰ ਵਿਚ ਵਾਸਾ ਤੇਰਾ,
ਮੈਂ ਮਸਕੀਨ ਪੁਜਾਰੀ ਤੇਰਾ।
ਏਹੋ ਕਾਬਾ ਕਿਬਲਾ ਮੇਰਾ,
ਹੋਰ ਨ ਕੋਈ ਦਿਖਾਵੀਂ ਵੇ।

ਦਿਲ ਦੀਆਂ.....................।

---

## ੫.

ਪਿਆਰ ਦੇ ਦੇਵਤੇ ਨੇ ਪੂਰੇ ੨੫ ਦਿਨ ਤੇ ੧੫ ਰਾਤਾਂ ਗਾਇਬੁਲਾਰ ਦੇ ਮੰਜੇ ਪਾਸ ਬਿਤਾਈਆਂ। ਪ੍ਰੀਤਮ ਨੇ ਅੰਮਰਤ-ਬਚਨਾਂ ਨਾਲ ਰੋਗੀ ਦੇ ਸਰੀਰਕ ਤੇ ਆਤਮਕ ਰੋਗ ਕਟੇ ਤੇ ਅੰਤ ਗਾਬਿਬੁਲਾਰ ਦੀ ਪ੍ਰਫੁਲਤ ਤੇ ਵਰੋਸਾਈ ਰੂਹ ਨੇ ਖੁਸ਼ੀ ੨ ਸਰੀਰ ਦਾ ਸਾਥ ਛਡਿਆ।

Digitized by Panjab Digital Library | www.panjabdigilib.org

ਅੰਤ ਵੇਲੇ ਮਰਣਾਊ ਦਾ ਸਿਰ, ਸਤਗੁਰ ਨਾਨਕ ਦੀ ਝੋਲੀ ਵਿਚ ਸੀ।

ਹੁਣ ਤੀਕ ਤਾਂ ਮਾਤਾ ਤ੍ਰਿਪਤਾ ਤੇ ਪਿਤਾ ਕਾਲੂ ਦੀ ਕੋਈ ਪੇਸ਼ ਨਹੀਂ ਸੀ ਗਈ, ਓਹ ਆਪਣੇ ਨਾਨਕ ਨੂੰ ਘਰ ਲੈਜਾਣ ਵਿਚ ਅਸਮਰਥ ਰਹੇ ਸਨ। ਸੋਹਣਾ ਪ੍ਰੀਤਮ ਆਪਣੇ ਪਿਆਰ-ਰਤੇ ਪ੍ਰੇਮੀ ਨੂੰ ਛਡ ਕੇ ਇਕ ਪਲ ਲਈ ਵੀ ਕਿਤੇ ਨਹੀਂ ਸੀ ਜਾ ਸਕਿਆ, ਪਰ ਰਾਇਬੁਲਾਰ ਦੀ ਮ੍ਰਿਤ-ਕ੍ਰਿਆ ਤੋਂ ਬਾਦ ਮਹਿਤਾ ਕਾਲੂ, ਆਪਣੇ ਲਾਡਲੇ ਨੂੰ ਕਹਿ ਸੁਣ ਕੇ ਘਰ ਲੈ ਗਿਆ।

ਪੰਜ ਛੀ ਦਿਨ ਹਜ਼ੂਰ ਨੇ ਘਰ ਵਿਚ ਹੀ ਬਿਤਾਏ। ਕਾਲੂ ਦਾ ਘਰ ਇਨ੍ਹਾਂ ਦਿਨਾਂ ਵਿਚ ਨਿਰੰਕਾਰੀ ਨਾਨਕ ਦੀ ਕਿਰਪਾ ਨਾਲ ਸਚਖੰਡ ਦਾ ਟੁਕੜਾ ਬਣ ਗਿਆ ਸੀ। ਅਠੇ ਪਹਿਰ ਸਤਸੰਗ ਦੇ ਭੰਡਾਰੇ ਵਰਤਦੇ ਰਹਿੰਦੇ। ਸੰਸਾਰ ਦੇ ਅਸਾਧ ਰੋਗੀਆਂ ਨੂੰ ਅਰਸ਼ੀ ਪ੍ਰੀਤਮ, ਪਿਆਰ ਦੀ ਪੁੜੀ ਦੇ ਕੇ ਉਨ੍ਹਾਂ ਦੇ ਜਨਮਾਂ ਦੇ ਰੋਗ ਕਟਦਾ। ਦੂਰ ਦੁਰਾਡੇ ਤੋਂ ਸੰਗਤਾਂ ਵਹੀਰਾਂ ਘਤੀ ਆਉਂਦੀਆਂ ਤੇ ਪ੍ਰੀਤਮ ਦੇ ਦਰੋਂ ਧਰਮ, ਅਰਥ, ਕਾਮ, ਮੋਖਸ਼ ਦੇ ਗਫੇ ਲੈ ਲੈ ਜਾਂਦੀਆਂ ਸਨ। ਭੁਖਿਆਂ ਲਈ ਅਤੁਟ ਲੰਗਰ ਤੇ ਨੰਗਿਆਂ ਲਈ ਕਪੜਿਆਂ ਦੇ ਅੰਬਾਰ ਲਗੇ ਰਹਿੰਦੇ।

ਸਤਵੇਂ ਦਿਨ ਜਦ ਦੋ ਜਹਾਨ-ਵਾਲੀ ਅੰਮ੍ਰਿਤ ਵੇਲੇ ਜਾਗੇ, ਤਾਂ ਆਪ ਦੀ ਤਬੀਅਤ ਉਦਾਸ ਸੀ। ਆਪ ਇਸੇ ਹਾਲਤ ਵਿਚ ਇਕਲਵਾਂਜੇ ਜਾ ਬੈਠੇ ਤੇ ਊਂਧੀ ਪਾ ਕੇ ਪਤਾ ਨਹੀਂ ਕੇਹੜੀਆਂ ਗਿਣਤੀਆਂ ਵਿਚ ਗੁੰਮ ਹੋ ਗਏ।

Digitized by Panjab Digital Library | www.panjabdigilib.org

ਮਾਂ ਨੇ—ਜਿਦਨ ਦਾ ਪੁਤ ਵੇਹੜੇ ਵੜਿਆ, ਮਿਲਨ-ਸਿਕ ਪੂਰੀ ਨਹੀਂ ਕੀਤੀ। ਉਸ ਨੂੰ ਕੋਈ ਵੀ ਐਸਾ ਸਮਾਂ ਨਹੀਂ ਸੀ ਮਿਲਦਾ, ਜਦ ਉਸ ਦਾ ਨਾਨਕ ਵੇਹਲਾ ਹੋਵੇ ਤੇ ਉਹ ਪੁਤਰ ਨੂੰ ਸੀਨੇ ਲਾਕੇ ਚਿਰਾਂ ਦਾ ਮਘਦਾ ਕਲੇਜਾ ਠੰਢਾ ਕਰਦੀ।

ਰਬ ਸਬਬੀ ਅਜ ਆਪਣੇ ਨੌਨਿਹਾਲ ਨੂੰ ਇਕੱਲਾ ਬੈਠਾ ਵੇਖ ਕੇ ਤ੍ਰਿਪਤਾ ਨੂੰ ਹੋਰ ਸਾਰੇ ਕੰਮ ਭੁਲ ਗਏ। ਉਹ ਗਲ ਗਲ ਤੋੜੀ ਵਾਤਸਲ ਰਸ ਨਾਲ ਛਲਕਦੀ ਡੁਲ੍ਹਕਦੀ ਪੁਤਰ ਕੋਲ ਪਹੁੰਚੀ। ਬੈਠ ਕੇ ਲਾਲ ਨੂੰ ਸੀਨੇ ਨਾਲ ਲਾਇਆ ਤੇ ਪਿਠ ਤੇ ਹਥ ਫੇਰਦੀ ਹੋਈ ਥਰਥਰਾਉਂਦੇ ਬੁਲਾਂ 'ਚੋਂ ਬੋਲੀ—

"ਕਿਉਂ ਲਾਲ! ਅਜ ਕਿਉਂ ਇਸਤਰ੍ਹਾਂ ਨਿਮੋਝੂਣਾ ਬੈਠਾ ਏ ਮੇਰਾ ਹੀਰਾ? ਦਸ ਨਾ ਮਾਂ ਘੋਲੀ, ਕਿਉਂ ਅਜ ਠੰਢੇ ਸਾਹ ਭਰਨਾ ਏਂ—ਅਖਾਂ ਵਿਚ ਕਿਉਂ ਗਲੇਡੂ ਭਰਦੇ ਔਂਦੇ ਨੇ? ਬਾਪੂ ਨੇ ਕੁਝ ਕਿਹਾ ਸੀ?"

ਸੋਹਣੇ ਪਰ ਗੰਭੀਰ ਚੇਹਰੇ ਉਤੇ, ਮਾਂ ਦਾ ਦਿਲ ਰਖਨ ਲਈ ਮੁਸਕਰਾਹਟ ਲਿਆ ਕੇ ਪੁਤਰ ਨੇ ਮਾਂ ਦੇ ਗਲ ਵਿਚ ਬਾਹਾਂ ਪਾ ਲਈਆਂ, ਪਿਆਰ ਤੇ ਲਾਡ ਭਰੀ ਨਜ਼ਰ ਨਾਲ ਅੰਮੀ ਦੀਆਂ ਅੱਖਾਂ ਵਿਚ ਤਕ ਕੇ ਬੋਲੇ—"ਕੁਝ ਨਹੀਂ ਅੰਮੀ ਜੀਓ! ਮੈਨੂੰ ਕਿਸੇ ਕੁਝ ਨਹੀਂ ਕਿਹਾ। ਤੁਸੀਂ ਚਿੰਤਾ ਨ ਕਰੋ"

"ਪਰ ਇਹ ਸੋਹਣਾ ਮੁਖੜਾ ਅਜ ਕਿਉਂ ਮੁਰਝਾਇਆ ਹੋਇਆ ਏ ਮੇਰੇ ਚੰਨ ਦਾ?"

Digitized by Panjab Digital Library | www.panjabdigilib.org

"ਅੰਮੀ ! ਮੈਂ ਕੁਝ ਵੇਖਦਾ ਪਿਆ ਸਾਂ"

"ਕੀ ਵੇਖਦਾ ਸੀ ਮੇਰਾ ਸੁਖੀ ਲਧਾ ? ਆਪਣੀ ਅੰਮੀ ਨੂੰ ਨਹੀਂ ਦਸੇਂਗਾ ?"

"ਦਸਾਂਗਾ ਅੰਮੀ ਜੀਓ ?"

"ਸਦਕੇ ਇਸ ਸੋਹਣੇ ਮੁਖੜੇ ਤੋਂ। ਦਸ ਨਾ ਫੇਰ"

ਹਥ ਨੂੰ ਇਕ ਪਾਸੇ ਉਠਾ ਕੇ ਲਾਡਲਾ ਨਾਨਕ ਉਤਰ ਦੇਂਦਾ ਹੈ–"ਅੰਮੀਏਂ ! ਤੂੰ ਵੇਖਦੀ ਪਈਏਂ ? ਅਹੁ ਵੇਖ ਕੀ ਹੋ ਰਿਹਾ ਏ ? ਵੇਖ ਖਾਂ ਕਿਵੇਂ ਅਗ ਦੇ ਭਾਂਬੜ ਪਏ ਮਚਦੇ ਨੇ, ਕਿਵੇਂ ਪਏ ਲਹੂ ਵੀਟਦੇ ਨੇ ਬੇਦੋਸਿਆਂ ਸ਼ੋਹਦਿਆਂ ਦੇ। ਪਖੰਡੀ ਤੇ ਸੁਆਰਥੀ ਆਗੂ ਆਪਣੇ ਅੰਧ-ਵਿਸ਼ਵਾਸੀ ਚੇਲਿਆਂ ਤੋਂ ਵੇਖ ਕੀ ਕੀ ਜ਼ੁਲਮ ਕਰਾਣ ਡਹੇ ਹੋਏ ਨੇ। ਓਹ ! ਮੇਰੀ ਅੰਮੀ, ਅਹੁ ਤਕ। ਜਰਵਾਣਿਆਂ ਦੇ ਹਾਥੀ ਘੋੜੇ ਕਿਵੇਂ ਗਰੀਬਾਂ ਨੂੰ ਖੁਰਾਂ ਹੇਠ ਮਿਧਦੇ ਫਿਰਦੇ ਨੇ। ਆਹ ! ਅੰਮੀਏਂ ! ਹਰ ਪਾਸੇ ਨਫ਼ਰਤ, ਈਰਖਾ, ਆਪਾ ਧਾਪੀ, ਕਟ ਵਢ........ਆਹ ! ਮੈਥੋਂ ਨਹੀਂ ਵੇਖਿਆ ਜਾਂਦਾ ਅੰਮਾ, ਦੇਸ ਦਾ ਇਹ ਮੰਦਾ ਹਾਲ। ਮੇਰੀ ਜਿੰਦ ਪਈ ਤੜਫਦੀ ਏ ਅੰਮੀ ! ਮੈਂ ਜਾਵਾਂਗਾ... ਮੈਂ ਜਾਵਾਂਗਾ......"

ਤੀਰ ਖਾ ਡਿਗੀ ਹਰਨੀ ਵਾਂਗ ਤ੍ਰਿਪਤਾ, ਪੁਤਰ ਦੀਆਂ ਗਲਾਂ ਸੁਣ ਕੇ ਤੜਫ ਉਠੀ। ਕਲੇਜਾ ਮੁਠ ਵਿਚ ਲੈਕੇ ਰਹਿ ਗਈ।

ਆਪਣੇ ਲਾਲ ਨੂੰ ਰੋਕ ਰਖਣ ਲਈ ਝੜੇ ਵਾਸਤੇ ਪਾਏ, ਘਿਘਿਆਈ, ਤੜਫੀ, ਕੁਰਲਾਈ, ਪਰ ਵਿਅਰਥ।

Digitized by Panjab Digital Library | www.panjabdigilib.org

ਪਿਆਰ ਦਾ ਦੇਵਤਾ ਕਿਸੇ ਡੂੰਘੇ ਵਹਿਣ ਵਿਚ ਵਹਿ ਰਿਹਾ ਸੀ ਤੇ ਪਿਆਰ ਦੀਆਂ ਦੋ ਨੈਆਂ ਉਸ ਦੀਆਂ ਅਖਾਂ ਤੋਂ ਵਹਿ ਰਹੀਆਂ ਸਨ ।

ਉਸ ਨੂੰ ਮਾਂ ਦੇ ਕੀਰਨੇ ਸੁਣਾਈ ਨ ਦਿਤੇ । ਭਾਰਤ ਦੇ ਕਰੋੜਾਂ ਮਜ਼ਲੂਮਾਂ ਦੀ ਚੀਕ ਪੁਕਾਰ ਨੇ ਇਨ੍ਹਾਂ ਕੀਰਨਿਆਂ ਨੂੰ ਦਬੱਾ ਲਿਆ । ਮਾਂ ਦੇ ਅਥਰੂ ਪਥਰਾਂ ਨੂੰ ਰੁਆਉਣ ਵਾਲੇ ਸਨ, ਪਰ ਜਿਨ੍ਹਾਂ ਅਥਰੂਆਂ ਨੂੰ ਦਰਦੀ ਨਾਨਕ ਦੀਆਂ ਅਖਾਂ ਵੇਖ ਰਹੀਆਂ ਸਨ, ਓਹ ਬਹੁਤ ਪ੍ਰਬੱਲ ਸਨ, ਹਜ਼ਾਰਾਂ ਔਂਤਰੀਆਂ ਮਾਂਵਾਂ, ਲਖਾਂ ਵੀਰ ਵਿਛੁੰਨੀਆਂ ਭੈਣਾਂ ਤੇ ਕਰੋੜਾਂ ਬਦਨਸੀਬ ਵਿਧਵਾਵਾਂ ਦੇ ਅਥਰੂਆਂ ਦੇ ਹੜ੍ਹ ਅਗੇ ਇਹ ਅਥਰੂ ਕਦ ਠਹਿਰ ਸਕਦੇ ਸਨ ।

ਆਹ ! ਮਨੁਖ ਦੇ ਸੀਨੇ ਵਿਚ ਕੁਦਰਤ ਨੇ ਕਿਸੇ ਦੇਵਲੋਕ-ਵਾਸੀ ਦਾ ਦਿਲ ਪਾ ਦਿਤਾ ਸੀ । ਮਾਂ ਦੇ ਮੋਹ ਨੂੰ ਤੋੜ ਕੇ, ਸਾਕਾਂ ਦੇ ਮਾਣ ਨੂੰ ਠੁਕਰੱਾ ਕੇ ਤੇ ਘਰ ਗ੍ਰਹਸਤੀ ਦੇ ਜਾਲਾਂ ਨੂੰ ਤਾਰ ਤਾਰ ਕਰਕੇ ਸੋਹਣਾ ਉਠ ਤੁਰਿਆ ।

ਪਿੰਡ ਦੇ ਸਾਊਆਂ ਤੇ ਸੁਆਣੀਆਂ ਨੇ ਵਾਸਤੇ ਪਾਏ, ਮਾਂ ਨੇ ਦਿਲ ਚੀਰ ਕੇ ਵਿਖਾਇਆ, ਪਿਉ ਨੇ ਵਡੇ ਵਡੇਰਿਆ ਦੇ ਨਾਂ ਦੀ ਲਜ ਰਖਨ ਲਈ ਆਖਿਆ, ਪਰ ਦਿਲ ਦੀਆਂ ਲਗੀਆਂ ਨੂੰ ਕੌਣ ਬੁਝਾਵੇ ।

ਜੇਰਾ ਪੱਕਾ ਕਰਕੇ ਰਾਹੇ ਪੈ ਗਏ । ਸਾਰਾ ਪਿੰਡ ਨਿਰਾਸਤਾ ਦੇ ਹਹੁਕਿਆਂ ਵਿਚ ਪਿਛਾਂਹ ਮੁੜਿਆ । ਲਗਨ ਕਿਡੀ ਅਟੁਟ ਸੀ ਤੇ ਤਿਆਰੀ ਕਿਡੀ ਨਿਗਰ ।

ਮਰਦਾਨਾ ਕੁਝ ਦਿਨਾਂ ਲਈ ਉਥੇ ਹੀ ਰਹਿ ਪਿਆ

Digitized by Panjab Digital Library | www.panjabdigilib.org

ਤੇ ਬਾਲਾ ਨਾਲ ਸੀ।

ਜਾਂਦਿਆਂ ੨ ਰਸਤਾ ਵਲੱਾ ਕੇ ਸਤਿਗੁਰੂ ਬੋਲੇ– "ਭਾਈ ਬਾਲਾ। ਭੈਣ ਨਾਨਕੀ ਦਾ ਪਿਆਰ, ਰਸੇ ਬਣ ਕੇ ਸਾਡੇ ਪੈਰਾਂ ਵਿਚ ਆ ਅਟਕਿਆ ਹੈ, ਉਹ ਯਾਦ ਪਈ ਕਰਦੀ ਹੈ। ਚਲੋ ਸੁਲਤਾਨ ਪੁਰ ਚਲੀਏ।

"ਜਿਧਰ ਰਜਾਇ" ਕਹਿ ਕੇ ਬਾਲਾ ਮਗਰ ਤੁਰ ਪਿਆ।

## ੬.

ਸਵੇਰ ਦੇ ੯ ਕੁ ਵਜੇ ਦਾ ਵੇਲਾ ਹੈ। ਘਰ ਦੀਆਂ ਬਰੂਹਾਂ ਵਿਚ ਖਲੋਤੀ ਇਕ ਵੀਰ-ਵਿਛੁੰਨੀ, ਘੜੀ ਮੁੜੀ ਸਾਹਮਣੇ ਮੈਦਾਨ ਵਲ–ਜਿਥੋਂ ਤੋੜੀ ਉਸ ਦੀ ਨਜ਼ਰ ਜਾ ਸਕਦੀ ਹੈ, ਵੇਖਦੀ ਹੈ–ਹੋਰ ਨੀਝ ਲਾਕੇ ਵੇਖਦੀ ਹੈ। ਦੂਰ ਸਾਰੇ ਹਰੀਆਂ ਪੈਲੀਆਂ ਵਿਚੋਂ ਦੀ ਇਕ ਪਹਿਆ ਏਸੇ ਪਿੰਡ ਨੂੰ ਆਉਂਦਾ ਹੈ। ਇਸੇ ਪਹੇ ਉਤੇ ਬੀਬੀ ਦੀ ਨਜ਼ਰ ਟਿਕੀ ਹੋਈ ਹੈ। ਕਦੇ ਕੋਈ ਮਨੁਖ, ਪਠਿਆਂ ਦੀ ਭਰੀ ਚੁਕੀ ਏਸ ਰਾਹੋਂ ਨਿਕਲਦਾ ਹੈ, ਕਦੇ ਜਟੀਆਂ ਸਿਰਾਂ ਤੇ ਲਸੀ ਦਾ ਭਾਂਡਾ ਧਰੀ ਹਾਲੀਆਂ ਨੂੰ ਛਾਹ ਵੇਲਾ ਖੁਆਣ ਜਾਂਦੀਆਂ ਦਿਖਾਈ ਦੇਂਦੀਆਂ ਹਨ ਤੇ ਕਦੇ ਕੋਈ ਵਾਗੀ, ਬਕਰੀਆਂ ਦਾ ਇਜੜ ਹਿਕੀ ਆਉਂਦਾ ਦਿਸਦਾ ਹੈ।

ਵਾਰੋ ਵਾਰੀ ਇਨ੍ਹਾਂ ਸਾਰਿਆਂ ਉਤੇ ਬੀਬੀ ਦੀ ਨਿਗਾਹ ਪੈਂਦੀ ਹੈ ਤੇ ਇਸ ਤੋਂ ਬਾਦ ਉਹ ਇਕ ਨਿਰਾ-

Digitized by Panjab Digital Library | www.panjabdigilib.org

ਸਤਾ ਭਰਿਆ ਹਾਹੁਕਾ ਲੈ ਕੇ ਬੁਲ੍ਹਾਂ ਵਿਚੋਂ ਕੁਝ ਬੋਲਣ ਦਾ ਜਤਨ ਕਰਦੀ ਹੈ, ਪਰ ਭਰਿਆ ਹੋਇਆ ਗਲਾ ਉਸ ਦੀ ਅਵਾਜ਼ ਨੂੰ ਸਪਸ਼ਟ ਨਹੀਂ ਨਿਕਲਣ ਦੇਂਦਾ। ਉਸ ਦੇ ਅੰਦਰੋਂ ਕੋਈ ਪਿਆਰ ਦੀ ਕਾਂਗ ਉਮਡਦੀ ਹੈ ਤੇ ਦਿਲ ਨੂੰ ਉਛਾਲਦੀ ਹੋਈ ਇਹ ਵਾਕ ਬਣ ਕੇ ਮੂੰਹੋਂ ਨਿਕਲਦੀ ਹੈ-

## ਗਜ਼ਲ

(ਪਹਾੜੀ ਤਾਲ ਤਲਵਾੜਾ)

ਤਰਜ਼-(ਕਿ ਵੋ ਸ਼ੋਖ਼ ਜਿਸ ਘਰ ਮੇਂ ਮਹਿਮਾਨ ਹੋਗਾ)

---

ਵੇ ਆ ਵੀਰ ਆਸਾ ਪੁਜੱਾ ਨਾਨਕੀ ਦੀ।
ਪਈ ਜਿੰਦ ਜਾਂਦੀ ਬਚੱਾ ਨਾਨਕੀ ਦੀ।
ਦਿਨੇ ਰਾਤ ਤਾਂਘਾਂ, ਉਡੀਕਾਂ ਤੇ ਤੜਪਾਂ।
ਵਿਛੋੜੇ ਤੋਂ ਜਿੰਦੜੀ ਛੁੜੱਾ ਨਾਨਕੀ ਦੀ।
ਤੇਰੇ ਬਾਝ ਦਿਲ ਵਿਚ ਹਨੇਰਾ ਹੈ ਛਾਇਆ।
ਬੁਝੀ ਜੋਤ ਆ ਕੇ ਜਗੱਾ ਨਾਨਕੀ ਦੀ।
ਅੱਖਾਂ ਦੇ ਪਟਾਰਾਂ ਚੋਂ ਡੁਲ੍ਹਦੇ ਨੇ ਮੋਤੀ।
ਨਾ ਸਧਰਾਂ ਦੀ ਪੂੰਜੀ ਲੁਟਾ ਨਾਨਕੀ ਦੀ।
ਜਿਥੋਂ ਤੀਕ ਜਾਵੇ ਨਜ਼ਰ ਤੈਨੂੰ ਢੂੰਡੇ।
ਬਣੀ ਅੱਜ ਲੂੰ ਲੂੰ ਨਿਗਾਹ ਨਾਨਕੀ ਦੀ।

Digitized by Panjab Digital Library | www.panjabdigilib.org

ਮੈਂ ਬੈਠੀ ਮਨਾਵਾਂ ਵਰ੍ਹੇ ਗੰਢ ਤੇਰੀ।
ਤੂੰ ਆ ਰੁੱਠੀ ਕਿਸਮਤ ਮਨਾ ਨਾਨਕੀ ਦੀ।

————

ਵੈਰਾਗ ਭਰੇ ਇਸ ਬ੍ਰਿਹੋਂ-ਤਰਾਨੇ ਨੇ ਸਵੇਰ ਨੂੰ ਸ਼ਾਮ ਬਣਾ ਦਿਤਾ। ਬੱਦਲ ਹੰਝੂ ਵਹਾ ਕੇ ਤੇ ਹਵਾ ਹਉਕੇ ਭਰ ਕੇ ਬੀਬੀ ਦੇ ਇਸ ਗੀਤ ਵਿਚ ਸਾਥ ਦੇਣ ਲਗੇ। ਘਰ ਦੀਆਂ ਕੰਧਾਂ ਨਾਲ ਟਕਰਾ ਕੇ ਇਹ ਅਵਾਜ਼ ਹੋਰ ਵੀ ਵਧੇਰੇ ਗੂੰਜਣ ਲਗੀ।

ਘਰ ਦੀ ਨੌਕਰਾਣੀ 'ਤੁਲਸਾਂ' ਅੰਦਰ ਕੰਮ ਧੰਦਾ ਕਰ ਰਹੀ ਸੀ। ਸੁਣਦਿਆਂ ਹੀ ਕਲੇਜੇ ਵਿਚ ਕਸਕ ਜੇਹੀ ਪਈ ਤੇ ਅਬੜਵਾਹੀ ਨਸੀ ਆਈ।

ਮਾਲਕਣ ਨੂੰ ਇਸ ਤਰ੍ਹਾਂ ਫਾਵੀ ਹੁੰਦੀ ਵੇਖ ਕੇ ਗਲ ਨਾਲ ਚੰਬੜ ਗਈ ਤੇ ਓਹਦੇ ਮੂੰਹ ਨੂੰ ਆਪਣੀ ਚੁੰਨੀ ਨਾਲ ਪੂੰਝਦੀ ਬੋਲੀ—"ਬੀਬੀ ਜੀ ! ਸੁਖੀ ਸਾਂਦੀ ਇਹ ਕੀ ? ਅਜ ਭਲਾ ਰੋਣ ਦਾ ਦਿਨ ਏ ? ਛਡੋ ਪਰਾਂ। ਅਜ ਕਈਆਂ ਦਿਨਾਂ ਤੋਂ ਵੀਰ ਜੀ ਦੀ ਵਰ੍ਹੇ ਗੰਢ ਮਨਾਉਣ ਦੀਆਂ ਤਿਆਰੀਆਂ ਪਏ ਕਰਦੇ ਸਾਓ ਤੇ ਅਜ ਜਦ ਇਹ ਭਾਗਾਂ ਭਰਿਆ ਦਿਨ ਆਇਆ ਏ ਤੇ ਤੁਸੀਂ...... ................"

ਰੋਂਦਿਆਂ ੨ ਹਸਦੀ ਹੋਈ ਬੀਬੀ ਬੋਲੀ—"ਹਾਂ ਤੁਲਸਾਂ, ਅਜ ਮੇਰੇ ਲਈ ਖੁਸ਼ੀ ਦਾ ਦਿਨ ਏਂ। ਮੇਰੇ ਸੁਖੀਂ ਲਧੇ ਵੀਰ ਦੀ ਅਜ ਵਰ੍ਹੇ ਗੰਢ ਏ, ਪਰ ਕੀ ਕਰਾਂ ਅੜੀਏ, ਦਿਲ ਨੂੰ ਪਤਾ ਨਹੀਂ ਕੀ ਪਿਆ

Digitized by Panjab Digital Library | www.panjabdigilib.org

ਹੁੰਦਾ ਏ । ਸਵੇਰ ਤੋਂ ਦਿਲ ਉਛਲ ਉਛਲ ਪੈਂਦਾ ਏ । ਵੀਰਾ ਜਾਂਦਾ ਹੋਇਆ ਆਖ ਗਿਆ ਸੀ—"ਭੈਣ ! ਤੂੰ ਜਦੋਂ ਯਾਦ ਕਰੇਂਗੀ ਮੈਂ ਭਾਵੇਂ ਕਿਤੇ ਹੋਵਾਂ ਪਹੁੰਚਾਂਗਾ । ਅਜ ਤੁਲਸਾਂ, ਕੁਝ ਚੰਗਾ ਨਹੀਂ ਲਗਦਾ । ਦਿਲ ਸਖਣਾ ੨ ਪਿਆ ਲਗਦਾ ਏ । ਵੇਹੜਾ ਖਾਣ ਨੂੰ ਆਉਂਦਾ ਏ, ਘਰ ਦੀ ਹਰ ਚੀਜ਼ ਦਿਲ ਨੂੰ ਪਈ ਲੂੰਹਦੀ ਏ । ਤੁਲਸਾਂ ! ਮੈਂ ਕੀ ਕਰਾਂ, ਮੇਰਾ ਦਿਲ ਡਾਢਾ ਹੁੱਸੜ ਪਿਆ ਏ। ਖਬਰੇ ਵੀਰਾ ਆ ਜਾਵੇ"

ਇਸੇ ਵੇਲੇ ਲਾਲਾ ਜੈਰਾਮ ਹੋਰੀਂ ਮੈਦਾ ਖੰਡ ਆਦ ਸਮਿਆਨ ਮਜੂਰਾਂ ਕੋਲੋਂ ਚੁਕਾਈ ਅੰਦਰ ਆਏ, ਕਿਉਂਕਿ ਅਜ ਪ੍ਰੀਤੀ ਭੋਜਨ ਕਰਨ ਲਈ ਨਾਨਕੀ ਨੇ ਇਹ ਚੀਜ਼ਾਂ ਕਹਿ ਭੇਜੀਆਂ ਸਨ ।

"ਭਾਗਾਂ ਵਾਲੀਏ ! ਅਖਾਂ ਕਿਉਂ ਲਾਲ ਨੇ ? ਜਾਪਦਾ ਏ ਰੋਂਦੀ ਰਹੀਂ ਏਂ" ਜੈਰਾਮ ਨੇ ਪਹਿਲੀ ਨਜ਼ਰੇ ਹੀ ਵੇਖ ਕੇ ਪ੍ਰਸ਼ਨ ਕੀਤਾ।

ਤੁਲਸਾਂ ਨੇ ਸਭ ਕੁਝ ਦਸ ਦਿਤਾ। ਹਸਕੇ ਬੋਲੇ— "ਤੂੰ ਤੇ ਸਾਈਂ ਲੋਕੇ, ਨਿਰੀ ਵਹਿਮਣ ਹੋ ਗਈ ਏਂ । ਜਾਹ ਅੰਦਰ ਜਾ ਕੇ ਕੰਮ ਕਰ । ਐਵੇਂ ਰੋ ਰੋ ਕੇ ਅਖਾਂ ਨਾ ਗੁਆਇਆ ਕਰ । ਹਲਵਾਈ ਤੁਰਿਆ ਔਂਦਾ ਏ । ਜੋ ਜੋ ਚੀਜ ਤਿਆਰ ਕਰਵਾਣੀ ਹੋਵੇ ਕਰਵਾ ਲਈਂ। ਅਗੇ ਈ ਚਿਰ ਹੋ ਗਿਆ ਏ ।"

Digitized by Panjab Digital Library | www.panjabdigilib.org

ਨਾਨਕੀ ਨੇ ਅੰਦਰ ਜਾਣ ਲਈ ਕਦਮ ਚੁਕਿਆ, ਪਰ ਦਿਲ ਨੇ ਆਖਾ ਨਾ ਮੰਨਿਆ।

ਜੈਰਾਮ, ਅੰਦਰ ਜਾਕੇ ਚੀਜਾਂ ਰਖਾਣ ਲਗਾ ਤੇ ਤੁਲਸਾਂ ਭਾਂਡੇ ਸਾਫ਼ ਕਰਨ ਲਗੀ।

ਨਾਨਕੀ ਦੀ ਨਜ਼ਰ ਬਰਾਬਰ ਓਸੇ ਮੈਦਾਨ ਵਲ ਗਡੀ ਹੋਈ ਸੀ।

ਅੰਦਰੋਂ ਤੁਲਸਾਂ ਨੇ ਆਵਾਜ ਦੇ ਕੇ ਕੁਝ ਕੰਮਾਂ ਬਾਰੇ ਪੁਛਿਆ, ਨਾਨਕੀ ਉਥੇ ਹੀ ਖੜੀ ੨ ਅੰਦਰ ਵਲ ਤਕ ਕੇ ਉਸ ਨੂੰ ਉੱਤਰ ਦੇਣ ਲਗੀ। ਜਾਂ ਮੁੜ ਕੇ ਉਸ ਨੇ ਨਜ਼ਰ ਭੁਆਈ, ਤਾਂ ਆਪਣੇ ਸਾਹਮਣੇ-ਸਾਹਮਣੇ ਹੀ ਨਹੀਂ ਪੈਰਾਂ ਤੇ ਡਿਗਦੇ ਵੀਰ ਨੂੰ ਡਿਠਾ।

"ਨੀ ਤੁਲਸਾਂ, ਨੀ ਵੇਖ ਨੀ ਆ ਗਿਆ ਈ ਮੇਰਾ ਵੀਰਾ। ਤੈਨੂੰ ਕਹਿੰਦੀ ਸਾਂ ਕਿ ਨਾ" ਪਾਗਲਾਂ ਵਾਂਗ ਆਪੇ ਤੋਂ ਬਾਹਰੀ ਹੋ ਕੇ ਉਹ ਆਖਣ ਲਗੀ।

ਤਪਦੇ ਕਲੇਜੇ ਵਿਚ ਠੰਢ ਪੈ ਗਈ। ਅਖਾਂ ਵਿਚੋਂ ਹੰਝੂ ਜਾਰੀ ਹੋ ਗਏ, ਪਰ ਵਿਛੋੜੇ ਦੇ ਨਹੀਂ-ਮਿਲਾਪ ਦੇ।

ਵੀਰ ਨੂੰ ਗਲ ਲਾ ਕੇ ਚੁੰਮਿਆ। ਗਦਗਦ ਕੰਠ ਵਿਚੋਂ ਕਿੰਨਾ ਚਿਰ ਕੋਈ ਗਲ ਨਾ ਨਿਕਲੀ। ਨਾਨਕੀ ਨਾਨਕ ਹੋ ਗਈ ਤੇ ਨਾਨਕ ਨਾਨਕੀ ਹੋ ਗਿਆ।

ਮੁਦਤਾਂ ਬਾਦ ਵਿਛੜੇ ਵੀਰ ਨੂੰ ਮਿਲ ਕੇ ਨਾਨਕੀ ਦਾ ਹਿਰਦਾ-ਕੰਵਲ ਖਿੜ ਗਿਆ।

———

Digitized by Panjab Digital Library | www.panjabdigilib.org

# ੭.

ਹਰ ਸੁਖ ਦਾ ਅੰਤ ਦੁਖ ਹੈ ਤੇ ਹਰ ਮਿਲਾਪ ਦਾ ਅੰਤ ਵਿਛੋੜਾ। ਵੀਰ-ਮਿਲਾਪ ਦੇ ਚੱਾ ਵਿਚ ਨਾਨਕੀ ਦੇ ਅਠ ਦਿਨ ਅਠਾਂ ਪਲਾਂ ਵਾਂਗ ਬੀਤ ਗਏ ਤੇ ਅੰਤ ਆ ਗਈ ਵਿਛੋੜੇ ਦੀ ਦੁਖਦਾਈ ਘੜੀ।

ਚੜ੍ਹਦੇ ਸੂਰਜ ਦੀਆਂ ਪੀਲੀਆਂ ਕਿਰਨਾਂ ਸੁਲਤਾਨ ਪੁਰ ਦੀਆਂ ਗਲੀਆਂ ਨੂੰ ਚਮਕਾ ਰਹੀਆਂ ਹਨ, ਪਰ ਨਾਨਕੀ ਦੇ ਹਿਰਦੇ ਵਿਚ ਹਨੇਰਾ ਫੈਲ ਰਿਹਾ ਹੈ।

ਜੈਰਾਮ ਦੇ ਬੂਹੇ ਅਗੇ ਪਿੰਡ ਦੇ ਮੁਖੀਆਂ ਦੀ ਭੀੜ ਲਗੀ ਹੋਈ ਹੈ।

ਅੰਤ ਉਹ ਵੇਲਾ ਵੀ ਆਇਆ, ਜਦ ਦਲ੍ਹੀਜਾਂ ਵਿਚੋਂ ਬਾਹਰ ਕਦਮ ਰਖਿਆ ਮੇਰੇ ਅਰਸ਼ੀ ਪ੍ਰੀਤਮ ਨੇ।

ਭੈਣ ਕੰਨੀਆਂ ਖਿਚਦੀ ਹੈ, ਭਣਵਈਆ ਵਾਸਤੇ ਪਾਂਦਾ ਹੈ, ਪਿੰਡ ਦੇ ਚੌਧਰੀ ਹਥ ਜੋੜਦੇ ਹਨ ਤੇ ਵੇਹੜੇ ਦੀ ਨੁਕਰੇ ਬੈਠੀ ਦਿਲ ਦੀ ਮਾਲਕਣ, ਲੰਮੇ ਘੁੰਡ ਵਿਚੋਂ ਪਈ ਧਰਤੀ ਸਿੰਜਦੀ ਹੈ। ਧਰਤੀ ਨੂੰ ਸਿੰਜ ਰਹੀ ਹੈ, ਪਰ ਹਿਰਦੇ ਦਾ ਚਿਸ਼ਮਾ ਸੁਕਦਾ ਜਾਂਦਾ ਹੈ। ਪ੍ਰੀਤਮ ਲੰਮੇ ਵਿਛੋੜੇ ਪਾ ਚਲਿਆ ਹੈ। ਕਦ ਮੁੜੇਗਾ? ਕੋਈ ਪਤਾ ਨਹੀਂ।

ਨਿਕੀਆਂ ੨ ਸੋਹਣੀਆਂ ੨ ਬੁਲ੍ਹੀਆਂ ਬੁਸਕਾਉਂਦੇ ਹੋਏ ਦੋ ਲੜਿਕੜੇ, ਆਪਣੀਆਂ ਨੰਨ੍ਹੀਆਂ ਬਾਹਾਂ ਵਧਾਈ ਡੁਸਕ ਰਹੇ ਹਨ।

Digitized by Panjab Digital Library | www.panjabdigilib.org

ਆਹ ! ਪ੍ਰੀਤਮ ਲਈ ਇਹ ਸਮਾਂ ਕਿਡੇ ਕਰੜੇ ਇਮਤਿਹਾਨ ਦਾ ਹੋਵੇਗਾ, ਸ਼ੈਦ ਮਹਾਤਮਾ ਬੁਧ ਤੋਂ ਬਾਦ ਇਹ ਇਮਤਿਹਾਨ ਇਸੇ ਦੇਸ਼-ਦਰਦੀ ਦੇ ਹਿਸੇ ਆਇਆ ਹੋਵੇ।

ਅਦਬ ਭਰੀ ਨਜ਼ਰ ਨਾਲ ਬਿਰਾਦਰੀ ਵਲ ਤਕ ਕੇ, ਸ਼ਰਧਾ ਨਾਲ ਜੈਰਾਮ ਜੀ ਨੂੰ ਵੇਖ ਕੇ, ਮਮਤਾ ਭਰੇ ਹਿਰਦੇ ਨਾਲ ਦੋਂਹ ਕਲੇਜੇ ਦੇ ਟੁਕੜਿਆਂ ਵਲ ਝਾਕ ਕੇ, ਡੂੰਘੇ ਪਿਆਰ ਨਾਲ ਭੈਣ ਨਾਨਕੀ ਨਾਲ ਅੱਖਾਂ ਮੇਲ ਕੇ ਤੇ ਇਕ ਫਿਰਵੀਂ ਪਰ ਟੁਟੀਆਂ ਰੀਝਾਂ ਭਰੀ ਨਜ਼ਰ ਨਾਲ ਵੇਹੜੇ ਦੀ ਨੁਕਰੇ ਬੈਠੀ ਸਤਵੰਤੀ ਵਲ ਤਕ ਕੇ ਮੇਰਾ ਸੋਹਣਾ ਪ੍ਰੀਤਮ ਦੋਹਾਂ ਹਥਾਂ ਨੂੰ ਹਿਲਾਉਂਦਾ ਹੋਇਆ ਕਹਿਣ ਲਗਾ—

"ਤੁਸੀਂ ਸਾਰੇ ਮੇਰੇ ਦਰਦੀ ਓ ! ਸਲਾਮਤ ਰਹੋ-ਕਰਤਾਰ ਤੁਹਾਡੇ ਅੰਗ ਸੰਗ ਹੋਵੇ । ਮੇਰੇ ਆਪਣਿਓਂ ! ਮੈਂ ਤੁਹਾਡੇ ਦੁਖ ਨੂੰ ਅਨਭਵ ਕਰਦਾ ਹਾਂ, ਪਰ ਕੀ ਕਰਾਂ, ਬੇਵਸ ਹਾਂ। ਆਪਣੇ ਸੁਖਾਂ ਖਾਤਰ ਦੁਖੀ ਖਲਕਤ ਵਲੋਂ ਅਖਾਂ ਮੀਟ-ਣੀਆਂ ਮੇਰੀ ਹਿੰਮਤ ਤੋਂ ਬਾਹਰ ਦੀ ਗਲ ਹੈ। ਕਰਤਾਰ ਰਾਖਾ ਤੁਹਾਡਾ, ਮੇਰੇ ਸਾਰੇ ਦਰਦੀਓ ! ਕਰਤਾਰ ਰਾਖਾ।"

ਇਹ ਕਹਿੰਦੇ ਹੋਏ ਸਿਰ ਨੀਵਾਂ ਪਾਈ ਤੇ ਹੌਲੀ ੨ ਕਦਮ ਚੁਕਦੇ ਹੋਏ ਪ੍ਰੀਤਮ ਜੀ ਅਗਾਂਹ ਤੁਰ ਪਏ।

ਤੁਰਨ ਲਗਿਆਂ ਸ਼ੈਦ ਪ੍ਰੀਤਮ ਦੀਆਂ ਅਖਾਂ ਵਿਚ ਦੋ ਹੰਝੂ ਚਮਕ ਰਹੇ ਸਨ । ਅਗਾਂਹ ਜਾ ਕੇ ਪਤਾ ਨਹੀਂ ਛਲਕ ਪਏ, ਜਾਂ ਅਖਾਂ ਵਿਚ ਹੀ ਜੀਰ ਗਏ।

ਕਿਤਨਾ ਕਠਨ ਵਰਤ ! ਦੇਸ਼ ਪਿਆਰ ਦਾ ਕਿੰਨਾ ਡੂੰਘਾ ਇਸ਼ਕ ! ਓ ਪਿਆਰ ਦੇ ਦੇਵਤਾ ! ਆਫ਼ਰੀਨ !!

Digitized by Panjab Digital Library | www.panjabdigilib.org

ਸਤਵੰਤੀਆਂ ਦੇ ਲਾੜਿਓ ! ਭੈਣਾਂ ਦੇ ਵੀਰੋ ! ਤੇ ਪੁਤਰਾਂ ਦੇ ਬਾਪੂਓ ! ਜਰਾ ਦਿਲਾਂ ਨੂੰ ਟੋਹ ਕੇ ਪੁਛੋ ਖਾਂ, ਲਾਓ ਖਾਂ ਨਰੰਕਾਰੀ ਦੀ ਉਸ ਵੇਲੇ ਦੀ ਹਾਲਤ ਦਾ ਅੰਦਾਜ਼ਾ ? ਜਦ ਉਹ ਉਠ ਖੜੋਤਾ ਹੋਵੇਗਾ ਕਿਸੇ ਸਤੀ ਦੀਆਂ ਬਾਹਾਂ ਦੀ ਪ੍ਰੇਮ-ਫਾਹੀ ਤੋੜ ਕੇ, ਤੇ ਜਿਸ ਵੇਲੇ ਉਹ ਬਰੂਹਾਂ ਲੰਘ ਰਿਹਾ ਹੋਵੇਗਾ ਕਿਸੇ ਅੰਮਾ ਜਾਈ ਤੋਂ ਕੰਨੀ ਛੁੜਾ ਕੇ । ਹਾਂ, ਜਦ ਉਹ ਤੁਰ ਪਿਆ ਹੋਵੇਗਾ ਦਿਲ ਨੂੰ ਕਟੜਾ ਕੀਤੀ ਆਪਣੀਆਂ ਆਂਦਰਾਂ ਦੇ ਦੋਂਹ ਗੁਛਿਆਂ ਨੂੰ ਕਲੇਜੇ ਨਾਲੋਂ ਧੋਹ ਕੇ ਟੁਟਦਾ ਹੋਇਆ ।

ਹੇ ਸੋਹਣਿਆਂ ਦੇ ਸੁਲਤਾਨ ! ਹੇ ਪਥਰਾਂ ਨੂੰ ਮੋਮ ਕਰਨ ਵਾਲੇ ਬਾਬਾ ! ਹੇ ਸਚਖੰਡ ਦੇ ਨਿਵਾਸੀਆ ! ਕੋਈ ਅਰਸ਼ੀ ਸੁਨੇਹਾ ਭੇਜ ਕੇ ਅਜ- ਸਾਡੇ ਦਿਲਾਂ ਨੂੰ ਵੀ ਉਹ ਚਾਨਣ ਦੇਹ, ਉਹ ਪਿਆਰ ਦੇਹ, ਜਿਸ ਨਾਲ ਸਾਡੀਆਂ ਹਨੇਰੀਆਂ ਰੂਹਾਂ ਨੂੰ ਖੇੜਾ ਮਿਲੇ । ਸਾਡਾ ਅੰਦਰ ਬਾਹਰ ਪਿਆਰ ਨਾਲ ਭਰ ਦੇਹ। ਸ਼ਕਤੀ ਦੇਹ, ਜੁ ਅਸੀਂ ਮਨੁਖ ਮਾਤਰ ਨੂੰ ਪਿਆਰ ਕਰ ਸਕੀਏ ।

ਜਨਮ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਗੁਰਪੁਰਬ ਲਈ
ਭੀ ਅਸੀਂ ਬਹੁਤ ਵਧੀਆ ਟ੍ਰੈਕਟ ਪ੍ਰਕਾਸ਼ਤ ਕਰ ਰਹੇ ਹਾਂ

---

'ਪੰਜਾਬ ਲਿਟਰੇਰੀ ਪ੍ਰੈਸ' ਹਾਲ ਬਾਜ਼ਾਰ ਕਟੜਾ ਸ਼ੇਰ ਸਿੰਘ
ਅੰਮ੍ਰਿਤਸਰ ਵਿਚ ਮਿਸਟਰ ਸ਼ਮਸਦੀਨ ਪ੍ਰਿੰਟਰ ਦੇ
ਯਤਨ ਨਾਲ ਛਪਿਆ ॥

Digitized by Panjab Digital Library | www.panjabdigilib.org

# ਸ੍ਰੀ ਗੁਰੂ ਬਾਣੀ ਪ੍ਰਕਾਸ਼

ਅਰਥਾਤ

## ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਫੇ ਵਾਰ ਕੋਸ਼

ਸੋਢੀ ਤੇਜਾ ਸਿੰਘ ਜੀ ਗੁਮਟੀ ਬਜ਼ਾਰ (ਲਾਹੌਰ) ਵਾਲੇ ਇਸਦੇ ਕਰਤਾ ਹਨ। ਇਹ ਪੁਸਤਕ ਉਹਨਾਂ ਦੀ ਸਾਰੀ ਉਮਰ ਦੀ ਮਿਹਨਤ ਦਾ ਨਚੋੜ ਹੈ। ਇਸ ਦੀ ਪ੍ਰਸੰਸਾ ਚੀਫ ਖਾਲਸਾ ਦੀਵਾਨ, ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ, ਪ੍ਰੋਫੈਸਰ ਜੋਧ ਸਿੰਘ ਜੀ ਐਮ. ਏ. ਅਤੇ ਸ੍ਰਦਾਰ ਬਹਾਦਰ ਭਾਈ ਸਾਹਿਬ ਭਾਈ ਕਾਹਨ ਸਿੰਘ ਜੈਸੇ ਹੋਰ ਕਈ ਵਿਦਵਾਨਾਂ ਨੇ ਕੀਤੀ ਹੈ। ਪਟਿਆਲਾ ਰਿਆਸਤ ਨੇ ਇਹਨਾਂ ਦੀ ਮੇਹਨਤ ਦੀ ਕਦਰ ਕਰਦੇ ਹੋਏ ੫੦੦) ਦੀ ਰਕਮ ਇਨਾਮ ਵਜੋਂ ਇਹਨਾਂ ਨੂੰ ਦਿਤੀ ਹੈ।

ਪਾਠ ਕਰਨ ਲਗਿਆਂ ਜੋ ਅੱਖਰ ਆਪ ਨੂੰ ਮੁਸ਼ਕਲ ਜਾਪੇ ਅਤੇ ਜਿਸ ਸਫੇ ਦਾ ਆਪ ਪਾਠ ਕਰ ਰਹੇ ਹੋਵੋ ਇਸ ਗ੍ਰੰਥ ਦੇ ਉਸੀ ਸਫੇ ਦੇ ਹੈਡਿੰਗ ਹੇਠਾਂ ਆਪ ਉਸ ਅਖਰ ਦਾ ਅਰਥ ਪੜ੍ਹ ਸਕਦੇ ਹੋ। ਗੁਰਬਾਣੀ ਸ਼ੁਧ ਅਤੇ ਵਿਚਾਰ ਕੇ ਪਾਠ ਕਰਨ ਵਾਲਿਆਂ ਲਈ ਇਹ ਗ੍ਰੰਥ ਬਹੁਤ ਲਾਭਦਾਇਕ ਹੈ ਕਾਗਜ਼ ਵਧੀਆ ਅਤੇ ਜਿਲਦ ਸੁਨੈਹਰੀ ਹੈ ਮੋਖ ੬॥)

ਮੰਗਾਉਣ ਦਾ ਪਤਾ—

**ਭਾਈ ਜੈਦੇਵ ਸਿੰਘ ਜੋਗਿੰਦ੍ਰ ਸਿੰਘ**

ਪੁਸਤਕਾਂ ਵਾਲੇ, ਮਾਲਕ—ਅੰਮ੍ਰਿਤ ਏਜੰਸੀ,

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਚੰਗੀਆਂ ਪੁਸਤਕਾਂ ਪੜ੍ਹੋ !

ਰਚਿਤ **ਮਾਸਟਰ ਤਾਰਾ ਸਿੰਘ** ਜੀ ਬੀ. ਏ.–
ਗ੍ਰਹਸਥ ਧਰਮ ਸਿਖ੍ਯਾ, ਪ੍ਰੇਮ ਲਗਨ ਅਤੇ ਬਾਬਾ ਤੇਗਾ ਸਿੰਘ ।

ਰਚਿਤ **ਪ੍ਰੋਫੈਸਰ ਗੰਗਾ ਸਿੰਘ** ਜੀ ਫਿਲਾਸਫਰ–
ਜੀਵਨ ਕਿਰਨਾਂ ਅਰਥਾਤ ਮਹਾਂ ਪੁਰਸ਼ਾਂ ਦੇ ਜੀਵਨ ਅਤੇ ਉਨ੍ਹਾਂ ਦੇ ਸਬੰਧਤ ਮਜ਼ਹਬਾਂ ਦੇ ਅਸੂਲ ਅਤੇ ਕਥਾ ਬਾਰਾਂ ਮਾਂਹ ਸਟੀਕ ।

ਰਚਿਤ **ਅਕਾਲੀ ਨਿਹਾਲ ਸਿੰਘ ਸੂਰੀ**
(ਰਾਵਲਪਿੰਡੀ)–ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੀਵਨ ਭਗਤ ਕਬੀਰ ਜੀ, ਟੀਕਾ ਸੁਖਮਨੀ ਸਾਹਿਬ, ਅਨੰਦ ਸਾਹਿਬ ਅਤੇ ਰੱਬੀ ਸੱਦ ।

## ਪ੍ਰੇਮ ਬਾਣ

ਗਯਾਨੀ ਗੁਰਮੁਖ ਸਿੰਘ ਜੀ 'ਮੁਸਾਫਰ' ਨੇ ਪ੍ਰੇਮ-ਬਾਣ ਨਾਮ ਦੀ ਕਿਤਾਬ ਨਰੋਲ ਧਾਰਮਕ ਕਵਤਾਵਾਂ ਦੀ ਛਾਪੀ ਹੈ। ਇਸ ਵਿਚ ਭਾਈ ਘਨੱਯਾ ਆਦ ਵਾਲੀਆਂ ਬਹੁਤ ਸਾਰੀਆਂ ਗੁਰਮਤਿ ਸਿਧਾਂਤ ਸਬੰਧੀ ਕਵਿਤਾਵਾਂ ਇਕੱਠੀਆਂ ਕੀਤੀਆਂ ਗਈਆਂ ਹਨ। ਇਨ੍ਹਾਂ ਉਚ ਪਾਏ ਦੀਆਂ ਕਵਤਾਵਾਂ ਨੂੰ ਪੜ੍ਹ ਕੇ ਗੁਰੂ ਘਰ ਦੇ ਸ਼ਰਧਾਲੂ ਸ਼ਰਧਾ ਅਤੇ ਭਗਤੀ ਦਾ ਰਸ ਲੈ ਸਕਦੇ ਹਨ।

ਮੰਗਾਣ ਦਾ ਪਤਾ–ਭਾਈ ਜੈਦੇਵ ਸਿਘ ਜੋਗਿੰਦਰ ਸਿੰਘ
ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅਮ੍ਰਿਤਸਰ

ਕੇਵਲ ਟਾਈਟਲ ਪੰਜਾਬੀ ਪ੍ਰੈਸ ਹਾਲ ਬਾਜ਼ਾਰ, ਅਮ੍ਰਿਤਸਰ ਵਿਖੇ ਛਪਿਆ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1311

Digitized by Panjab Digital Library | www.panjabdigilib.org

Digitized by Panjab Digital Library | www.panjabdigilib.org